(2023) 7 ਐਸ.ਸੀ.ਆਰ. 426

ਭਾਰਤ ਦਾ ਪਸ਼ੂ ਭਲਾਈ ਬੋਰਡ ਅਤੇ ਹੋਰ
ਬਨਾਮ
ਭਾਰਤ ਸੰਘ ਅਤੇ ਇੱਕ ਹੋਰ

(ਰਿੱਟ ਪਟੀਸ਼ਨ (ਸਿਵਲ) ਨੰਬਰ 23 ਆਫ਼ 2016)
18 ਮਈ, 2023

(ਕੇ. ਐਮ. ਜੋਸਫ, ਅਜੇ ਰਸਤੋਗੀ, ਅਨਿਰੁਧਾ ਬੋਸ,
ਰਿਸ਼ੀਕੇਸ਼ ਰਾਏ ਅਤੇ ਸੀ. ਟੀ. ਰਵੀਕੁਮਾਰ, ਜੱਜ)

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਅਧਿਨਿਯਮ, 1960 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਅਧਿਨਿਯਮ, 2017 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਮਹਾਰਾਸ਼ਟਰ ਸੋਧ) ਅਧਿਨਿਯਮ, 2017 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਕਰਨਾਟਕ ਦੂਜਾ ਸੋਧ) ਅਧਿਨਿਯਮ, 2017 – ਮੰਨਿਆ ਗਿਆ: ਜੱਲੀਕੱਟੂ, ਕੰਬਾਲਾ ਅਤੇ ਬੈਲਗੱਡੀ ਦੌੜ ਦੇ ਰੂਪ ਜੋ ਤਿੰਨ ਰਾਜਾਂ ਦੇ ਸੋਧ ਅਧਿਨਿਯਮਾਂ ਦੁਆਰਾ ਪੇਸ਼ ਕੀਤੇ ਗਏ ਹਨ, ਉਨ੍ਹਾਂ ਵਿੱਚ, ਜਿਵੇਂ ਉਹ ਪਹਿਲਾਂ ਅਭਿਆਸ ਜਾਂ ਪ੍ਰਦਰਸ਼ਨ ਕੀਤੇ ਜਾਂਦੇ ਸਨ ਅਤੇ ਜੋ ਤੱਥ ਹਾਲਾਤ ਉਸ ਸਮੇਂ ਮੌਜੂਦ ਸਨ ਜਦੋਂ ਏ. ਨਾਗਰਾਜਾ ਦਾ ਫੈਸਲਾ ਦਿੱਤਾ ਗਿਆ ਸੀ, ਕਾਫੀ ਬਦਲਾਅ ਆ ਗਿਆ ਹੈ ਉਹਨਾਂ ਦੀ ਮੌਜੂਦਾ ਸਥਿਤੀ ਨਾਲ ਸਮਾਨਤਾ ਨਹੀਂ ਕੀਤੀ ਜਾ ਸਕਦੀ - ਸੁਪਰੀਮ ਕੋਰਟ ਇਸ ਨਤੀਜੇ ਤੇ ਨਹੀਂ ਪਹੁੰਚ ਸਕਦਾ ਕਿ ਬਦਲੇ ਹਾਲਾਤਾਂ ਵਿੱਚ, ਜਦੋਂ ਇਹ ਖੇਡਾਂ ਕਰਵਾਈਆਂ ਜਾਂਦੀਆਂ ਹਨ ਤਾਂ ਸਾਨ੍ਹਾਂ ਨੂੰ ਬਿਲਕੁਲ ਵੀ ਦਰਦ ਜਾਂ ਪੀੜ ਨਹੀਂ ਹੋਵੇਗੀ - ਪਰ ਅਦਾਲਤ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਦਰਦ ਦੇਣ ਵਾਲੇ ਅਮਲਾਂ ਦਾ ਵੱਡਾ ਹਿੱਸਾ, ਜੋ ਸੋਧ ਤੋਂ ਪਹਿਲਾਂ ਦੇ ਸਮੇਂ ਵਿੱਚ ਇਨ੍ਹਾਂ ਤਿੰਨ ਖੇਡਾਂ ਦੇ ਪ੍ਰਦਰਸ਼ਨ ਵਿੱਚ ਹੁੰਦਾ ਸੀ, ਇਨ੍ਹਾਂ ਵਿਧਾਇਕ ਦਸਤਾਵੇਜ਼ਾਂ ਦੀ ਪੇਸ਼ਕਾਰੀ ਨਾਲ ਕਾਫੀ ਹੱਦ ਤੱਕ ਘੱਟ ਕੀਤਾ ਗਿਆ ਹੈ।

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਅਧਿਨਿਯਮ, 1960 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਅਧਿਨਿਯਮ, 2017 – ਕੀ ਤਾਮਿਲਨਾਡੂ ਸੋਧ ਅਧਿਨਿਯਮ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਦੇ ਮੱਦ 17 ਨੂੰ

ਸਾਰ ਅਤੇ ਨਿਚੋੜ ਵਿੱਚ ਸੰਦਰਭਿਤ ਕਰਦਾ ਹੈ, ਜਾਂ ਕੀ ਇਹ ਪਸ਼ੂਆਂ ਨੂੰ ਦਰਦ ਦੇਣ ਵਾਲੀ ਗਤੀਵਿਧੀਆਂ ਨੂੰ ਹੋਰ ਅੱਗੇ ਵਧਾਉਂਦਾ ਹੈ; ਅਤੇ ਕੀ ਇਸ ਨੂੰ ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਦਾ ਉਪਾਅ ਕਿਹਾ ਜਾ ਸਕਦਾ ਹੈ? ਕੀ ਇਹ ਸਿਰਫ ਦਿਖਣ ਵਾਲਾ ਵਿਧਾਨ ਹੀ ਹੈ ਜੋ ਰਾਜ ਸੂਚੀ ਦੀ ਕਿਸੇ ਵੀ ਮੱਦ ਨਾਲ ਜਾਂ ਸਕਵਰਤਕ ਸੂਚੀ ਦੀ ਮੱਦ 17 ਨਾਲ ਸਬੰਧਿਤ ਨਹੀਂ ਹੈ - ਮੰਨਿਆ ਗਿਆ: ਤਾਮਿਲਨਾਡੂ ਸੋਧ ਅਧਿਨਿਯਮ ਕੋਈ ਸਿਰਫ ਦਿਖਣ ਵਾਲਾ ਵਿਧਾਨ ਦਾ ਨਮੂਨਾ ਨਹੀਂ ਹੈ - ਇਹ ਸਾਰ ਅਤੇ ਨਿਚੋੜ ਵਿੱਚ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਦੀ ਮੱਦ 17 ਨਾਲ ਸਬੰਧਿਤ ਹੈ - ਇਹ ਜ਼ਿਕਰ ਕੀਤੀਆਂ ਗਈਆਂ ਖੇਡਾਂ ਵਿੱਚ ਪਸ਼ੂਆਂ ਦੇ ਦਰਦ ਨੂੰ ਘਟਾਉਂਦਾ ਹੈ ਅਤੇ ਇੱਕ ਵਾਰ ਜਦੋਂ ਸੋਧ ਐਕਟ, ਉਨ੍ਹਾਂ ਦੇ ਨਿਯਮਾਂ ਅਤੇ ਅਧਿਸੂਚਨਾ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਪਸ਼ੂ ਖੇਡਾਂ ਉਸ ਖ਼ਰਾਬੀ ਦੇ ਅੰਦਰ ਨਹੀਂ ਆਉਂਦੀਆਂ ਜਿਸ ਦੀ ਰੋਕਥਾਮ 1960 ਦੇ ਅਧਿਨਿਯਮ ਦੀਆਂ ਧਾਰਾਵਾਂ 3, 11(1) (ਓ) ਅਤੇ (ਜ) ਦੁਆਰਾ ਕੀਤੀ ਜਾਣੀ ਹੈ।

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਅਧਿਨਿਯਮ, 1960 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਅਧਿਨਿਯਮ, 2017 – ਤਾਮਿਲਨਾਡੂ ਸੋਧ ਅਧਿਨਿਯਮ ਕਹਿੰਦਾ ਹੈ ਕਿ ਇਸ ਦਾ ਉਦੇਸ਼ ਤਾਮਿਲਨਾਡੂ ਰਾਜ ਦੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੈ - ਕੀ ਚੁਣੌਤੀ ਦਿੱਤੇ ਗਏ ਤਾਮਿਲਨਾਡੂ ਸੋਧ ਅਧਿਨਿਯਮ ਨੂੰ ਤਾਮਿਲਨਾਡੂ ਦੇ ਲੋਕਾਂ ਦੀ ਸਭਿਆਚਾਰਕ ਵਿਰਾਸਤ ਦੇ ਹਿੱਸੇ ਵਜੋਂ ਦੱਸਿਆ ਜਾ ਸਕਦਾ ਹੈ ਤਾਂ ਜੋ ਇਹ ਭਾਰਤੀ ਸੰਵਿਧਾਨ ਦੇ ਅਨੁਛੇਦ 29 ਦੇ ਆਸਰੇ ਦੀ ਪ੍ਰਾਪਤੀ ਕਰ ਸਕੇ - ਮੰਨਿਆ ਗਿਆ: ਜੱਲੀਕੱਟੂ ਇੱਕ ਕਿਸਮ ਦੀ ਪਸ਼ੂ ਖੇਡ ਹੈ - ਇਹ ਘੱਟੋ ਘੱਟ ਪਿਛਲੀਆਂ ਕੁਝ ਸਦੀਆਂ ਤੋਂ ਤਾਮਿਲਨਾਡੂ ਰਾਜ ਵਿੱਚ ਚੱਲ ਰਿਹਾ ਹੈ - ਪਰ ਕੀ ਇਹ ਤਾਮਿਲ ਸਭਿਆਚਾਰ ਦਾ ਅਟੁਟ ਹਿੱਸਾ ਬਣ ਗਿਆ ਹੈ ਜਾਂ ਨਹੀਂ, ਇਸਦੀ ਧਾਰਮਿਕ, ਸਭਿਆਚਾਰਕ ਅਤੇ ਸਮਾਜਿਕ ਵਿਸ਼ਲੇਸ਼ਣ ਨੂੰ ਹੋਰ ਵਿਸਥਾਰ ਵਿੱਚ ਕਰਨ ਦੀ ਲੋੜ ਹੈ, ਜੋ ਕਿ ਇੱਕ ਕਾਰਜ ਹੈ ਜੋ ਨਿਆਂਪਾਲਿਕਾ ਦੁਆਰਾ ਨਹੀਂ ਕੀਤਾ ਜਾ ਸਕਦਾ - ਇਹ ਸਵਾਲ ਕਿ ਕੀ ਤਾਮਿਲਨਾਡੂ ਸੋਧ ਅਧਿਨਿਯਮ ਦਾ ਉਦੇਸ਼ ਕਿਸੇ ਵਿਸ਼ੇਸ਼ ਰਾਜ ਦੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੈ, ਇੱਕ ਬਹਿਸ ਯੋਗ ਮੁੱਦਾ ਹੈ ਜੋ ਲੋਕ ਸਭਾ ਵਿੱਚ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ - ਇਹ ਨਿਆਂਪਾਲਿਕਾ ਦੀ ਪੜਤਾਲ ਦਾ ਹਿੱਸਾ ਨਹੀਂ ਹੋਣਾ ਚਾਹੀਦਾ - ਇਹ ਸਵਾਲ ਰਿਟ ਕਾਰਵਾਈ ਵਿੱਚ ਨਿਸ਼ਚਿਤ ਰੂਪ ਵਿੱਚ ਤੈਅ ਨਹੀਂ ਕੀਤਾ ਜਾ ਸਕਦਾ - ਚੂੰਕਿ ਵਿਧਾਇਕ ਕਾਰਜ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਅਤੇ ਜੱਲੀਕੱਟੂ ਨੂੰ ਤਾਮਿਲਨਾਡੂ ਦੀ ਸਭਿਆਚਾਰਕ ਵਿਰਾਸਤ ਦਾ ਹਿੱਸਾ ਪਾਇਆ ਗਿਆ ਹੈ, ਅਦਾਲਤ ਵਿਧਾਨ ਮੰਡਲ ਦੇ ਇਸ ਦ੍ਰਿਸ਼ਟੀਕੋਣ ਨੂੰ ਭੰਗ ਨਹੀਂ ਕਰੇਗੀ।

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਅਧਿਨਿਯਮ, 1960 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਅਧਿਨਿਯਮ, 2017 – ਕੀ ਤਾਮਿਲਨਾਡੂ ਸੋਧ ਅਧਿਨਿਯਮ, ਸਾਰ ਅਤੇ ਨਿਚੋੜ ਵਿੱਚ ਸਾਨ੍ਹਾਂ ਦੀ ਦੇਸੀ ਨਸਲ ਦੇ ਬਚੇ ਰਹਿਣ ਅਤੇ ਉਨ੍ਹਾਂ ਦੀ ਭਲਾਈ ਨੂੰ ਸੁਨਿਸ਼ਚਿਤ ਕਰਨ ਲਈ ਹੈ? ਕੀ ਇਹ ਅਧਿਨਿਯਮ, ਸਾਰ ਅਤੇ ਨਿਚੋੜ ਵਿੱਚ ਭਾਰਤੀ ਸੰਵਿਧਾਨ ਦੇ ਅਨੁਛੇਦ 48 ਨਾਲ ਸਬੰਧਿਤ ਹੈ - ਮੰਨਿਆ ਗਿਆ: ਤਾਮਿਲਨਾਡੂ ਸੋਧ ਅਧਿਨਿਯਮ, ਸਾਰ ਅਤੇ ਨਿਚੋੜ ਵਿੱਚ, ਸਾਨ੍ਹਾਂ ਦੀ ਦੇਸੀ ਨਸਲ ਦੇ ਬਚੇ ਰਹਿਣ ਅਤੇ ਉਨ੍ਹਾਂ ਦੀ ਭਲਾਈ ਨੂੰ ਸੁਨਿਸ਼ਚਿਤ ਕਰਨ ਲਈ ਨਹੀਂ ਹੈ - ਇਹ ਅਧਿਨਿਯਮ ਭਾਰਤੀ ਸੰਵਿਧਾਨ ਦੇ ਅਨੁਛੇਦ 48 ਨਾਲ ਵੀ ਸਬੰਧਿਤ ਨਹੀਂ ਹੈ - ਉਕਤ ਕਹੇ ਗਏ ਸੋਧ ਅਧਿਨਿਯਮ ਦਾ ਅਸਰ ਕਿਸੇ ਖਾਸ ਕਿਸਮ ਦੇ ਸਾਨ੍ਹਾਂ ਦੀ ਨਸਲ ਤੇ ਪੈ ਸਕਦਾ ਹੈ ਅਤੇ ਖੇਤੀਬਾੜੀ ਦੀਆਂ ਗਤੀਵਿਧੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਸਾਰ ਅਤੇ ਨਿਚੋੜ ਵਿੱਚ ਇਹ ਅਧਿਨਿਯਮ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਦੀ ਮੱਦ 17 ਨਾਲ ਸਬੰਧਿਤ ਹੈ।

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਅਧਿਨਿਯਮ, 1960 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਅਧਿਨਿਯਮ, 2017 – ਕੀ ਤਾਮਿਲਨਾਡੂ ਸੋਧ ਅਧਿਨਿਯਮ, ਅਨੁਛੇਦ 51ਉ(ਖ) ਅਤੇ 51ਉ(ਗ) ਦੇ ਵਿਰੁੱਧ ਜਾਂਦਾ ਹੈ, ਅਤੇ ਕੀ ਇਸ ਕਰਕੇ ਇਸਨੂੰ ਅਨੁਚਿਤ ਅਤੇ ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਤੇ 21 ਦਾ ਉਲੰਘਣ ਕਰਨ ਵਾਲਾ ਕਿਹਾ ਜਾ ਸਕਦਾ ਹੈ - ਮੰਨਿਆ ਗਿਆ: ਤਾਮਿਲਨਾਡੂ ਸੋਧ ਅਧਿਨਿਯਮ, ਅਨੁਛੇਦ 51–ਉ(ਖ) ਅਤੇ 51–ਉ(ਗ) ਦੇ ਵਿਰੁੱਧ ਨਹੀਂ ਜਾਂਦਾ ਅਤੇ ਇਹ ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਤੇ 21 ਦੇ ਪ੍ਰਾਵਧਾਨਾਂ ਦੀ ਉਲੰਘਣਾ ਨਹੀਂ ਕਰਦਾ।

ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਅਧਿਨਿਯਮ, 1960 – ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਅਧਿਨਿਯਮ, 2017 – ਕੀ ਚੁਣੌਤੀ ਦਿੱਤਾ ਗਿਆ ਤਾਮਿਲਨਾਡੂ ਸੋਧ ਅਧਿਨਿਯਮ ਸਿੱਧੇ ਤੌਰ ਤੇ ਏ. ਨਾਗਰਾਜਾ ਦੇ ਫੈਸਲੇ ਅਤੇ ਉਸ ਮਾਮਲੇ ਵਿੱਚ ਮਿਤੀ 16.11.2016 ਨੂੰ ਦਿੱਤੇ ਗਏ ਰਿਵਿਊ ਫੈਸਲੇ ਦੇ ਵਿਰੁੱਧ ਹੈ, ਅਤੇ ਕੀ ਉਕਤ ਦੋ ਫੈਸਲਿਆਂ ਵਿੱਚ ਦੱਸੀਆਂ ਗਈਆਂ ਖਾਮੀਆਂ ਨੂੰ ਤਾਮਿਲਨਾਡੂ ਵਿਧਾਨਪਾਲਕਾ ਦੁਆਰਾ ਚੁਣੌਤੀ ਦਿੱਤੇ ਗਏ ਤਾਮਿਲਨਾਡੂ ਸੋਧ ਅਧਿਨਿਯਮ ਨੂੰ ਪਾਸ ਕਰਕੇ ਦੂਰ ਕੀਤਾ ਜਾ ਸਕਦਾ ਹੈ ਜਾਂ ਨਹੀਂ - ਮੰਨਿਆ ਗਿਆ: ਤਾਮਿਲਨਾਡੂ ਸੋਧ ਅਧਿਨਿਯਮ, ਉਸ ਮਾਮਲੇ ਵਿੱਚ ਬਣਾਏ ਗਏ ਨਿਯਮਾਂ ਨਾਲ ਪੜ੍ਹਿਆ ਜਾਵੇ, ਤਾਂ ਇਹ ਏ. ਨਾਗਰਾਜਾ ਦੇ ਫੈਸਲੇ ਦੇ ਅਨੁਪਾਤ ਅਤੇ ਇਸ ਅਦਾਲਤ ਦੁਆਰਾ 16.11.2016 ਨੂੰ ਦਿੱਤੇ ਗਏ ਫੈਸਲੇ ਦੇ ਵਿਰੁੱਧ ਸਿੱਧੇ ਤੌਰ ਤੇ ਨਹੀਂ ਹੈ, ਜਿਸ ਵਿੱਚ ਏ. ਨਾਗਰਾਜਾ ਦੇ ਫੈਸਲੇ ਦੀ ਸਮੀਖਿਆ ਦੀ ਬੇਨਤੀ ਨੂੰ ਰੱਦ ਕੀਤਾ

ਗਿਆ ਸੀ, ਕਿਉਂਕਿ ਉਕਤ ਦੋ ਫੈਸਲਿਆਂ ਵਿੱਚ ਦੱਸੀਆਂ ਗਈਆਂ ਖਾਮੀਆਂ ਨੂੰ ਰਾਜ ਸੋਧ ਅਧਿਨਿਯਮ ਨਾਲ ਨਿਯਮਾਂ ਨੂੰ ਬਣਾ ਕੇ ਦੂਰ ਕੀਤਾ ਗਿਆ ਹੈ।

ਭਾਰਤ ਦਾ ਸੰਵਿਧਾਨ – ਅਨੁਛੇਦ 48 – ਪਸ਼ੂਆਂ ਦੇ ਹੱਕਾਂ ਦੀ ਪਛਾਣ – ਭਾਰਤ ਦੇ ਸੰਵਿਧਾਨ ਦੇ ਅਨੁਛੇਦ 48 ਦੇ ਕਾਰਨ, ਜੋ ਕਿ ਮੂਲ ਰੂਪ ਵਿੱਚ ਕਾਨੂੰਨ ਬਣਾਉਣ ਵਾਲਿਆਂ ਲਈ ਇੱਕ ਕੌਮੀ ਦਿਸ਼ਾ-ਨਿਰਦੇਸ਼ ਦੇ ਤੌਰ ਤੇ ਕੰਮ ਕਰਦਾ ਹੈ, ਇੱਕ ਦੋ-ਰਾਹੀ ਮਾਰਗ ਤਿਆਰ ਕੀਤਾ ਗਿਆ ਹੈ – ਪਹਿਲਾ ਹੈ ਰਾਜ ਦਾ ਆਧੁਨਿਕ ਅਤੇ ਵਿਗਿਆਨਕ ਰੇਖਾਵਾਂ ਤੇ ਖੇਤੀਬਾੜੀ ਅਤੇ ਪਸ਼ੂ ਪਾਲਣ ਨੂੰ ਪ੍ਰਬੰਧਿਤ ਕਰਨ ਦਾ ਫਰਜ਼ – ਦੂਜਾ ਹੈ ਰਾਜ ਦਾ ਫਰਜ਼ ਨਸਲਾਂ ਨੂੰ ਸੰਭਾਲਣ ਅਤੇ ਸੁਧਾਰਨ ਲਈ ਕਦਮ ਚੁੱਕਣਾ ਅਤੇ ਗਊਆਂ ਅਤੇ ਬੱਛੜਿਆਂ ਅਤੇ ਹੋਰ ਦੁੱਧ ਦੇਣ ਵਾਲੇ ਅਤੇ ਖਿੱਚ ਪਸ਼ੂਆਂ ਦੇ ਝਟਕਾਉਣ ਨੂੰ ਰੋਕਣਾ।

ਦੱਸੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ, ਅਦਾਲਤ ਨੇ ਮੰਨਿਆ:

1. ਪਸ਼ੂਆਂ ਨੂੰ ਮੌਲਿਕ ਅਧਿਕਾਰ ਦੇਣ ਦੇ ਸਵਾਲ ਤੇ ਕੋਈ ਮਿਸਾਲ ਨਹੀਂ ਹੈ। ਏ. ਨਾਗਰਾਜਾ ਮਾਮਲੇ ਵਿੱਚ ਡਿਵੀਜ਼ਨ ਬੈਂਚ ਨੇ ਵੀ ਇਹ ਨਹੀਂ ਕਿਹਾ ਹੈ ਕਿ ਪਸ਼ੂਆਂ ਕੋਲ ਮੌਲਿਕ ਅਧਿਕਾਰ ਹਨ। ਇਸ ਪ੍ਰਸਤਾਵ ਨੂੰ ਪਰਖਣ ਲਈ ਇੱਕੋ ਇੱਕ ਸਾਧਨ ਉਪਲੱਬਧ ਹੈ, ਜੋ ਹੈ ਭਾਰਤੀ ਸੰਵਿਧਾਨ ਦੇ ਅਨੁਛੇਦ 14 ਦੀ ਵਾਜਬਤਾ ਦੀ ਕਸੌਟੀ ਤੇ ਤਿੰਨ ਸੋਧ ਅਧਿਨਿਯਮਾਂ ਦੀ ਵਿਆਖਿਆ ਕਰਨਾ। ਜਦੋਂ ਕਿ ਅਨੁਛੇਦ 21 ਅਧੀਨ ਸੁਰੱਖਿਆ ਵਿਅਕਤੀ ਨੂੰ ਦਿੱਤੀ ਗਈ ਹੈ ਨਾ ਕਿ ਨਾਗਰਿਕ ਨੂੰ, ਜਿਵੇਂ ਕਿ ਸੰਵਿਧਾਨ ਦੇ ਅਨੁਛੇਦ 19 ਵਿੱਚ ਹੈ, ਸਾਡੇ ਵਲੋਂ ਸਾਨ੍ਹਾਂ ਨੂੰ ਉਸ ਸੁਰੱਖਿਆ ਬਣਤਰ ਵਿੱਚ ਲਿਆਉਣ ਲਈ ਨਿਆਂਪਾਲਿਕਾ ਦੀ ਇਕ ਅਜਿਹੀ ਸਾਹਸਿਕ ਕਾਰਵਾਈ ਵਿੱਚ ਜਾਣਾ ਸਮਝਦਾਰੀ ਨਹੀਂ ਹੋਵੇਗਾ। ਸਾਨੂੰ ਇਸ ਗੱਲ ਦੇ ਬਾਰੇ ਸ਼ੱਕ ਹੈ ਕਿ ਕੀ ਇੱਕ ਆਵਾਰਾ ਸਾਂਡ ਨੂੰ ਉਸਦੀ ਮਰਜ਼ੀ ਖਿਲਾਫ ਸੜਕ ਤੋਂ ਹਿਰਾਸਤ ਵਿੱਚ ਲੈਣਾ ਹੇਬੀਅਸ ਕਾਰਪਸ ਦੀ ਸੰਵਿਧਾਨਕ ਰਿੱਟ ਨੂੰ ਜਨਮ ਦੇ ਸਕਦਾ ਹੈ ਜਾਂ ਨਹੀਂ। ਏ. ਨਾਗਰਾਜਾ ਦੇ ਫੈਸਲੇ ਵਿੱਚ, ਪਸ਼ੂਆਂ ਦੇ ਵਿਧਾਇਕ ਹੱਕਾਂ ਨੂੰ ਮੌਲਿਕ ਹੱਕਾਂ ਦੇ ਖੇਤਰ ਤੱਕ ਉਚਾਈ ਦੇਣ ਦੇ ਸਵਾਲ ਨੂੰ ਸਲਾਹਕਾਰ ਪੱਧਰ ਤੇ ਛੱਡ ਦਿੱਤਾ ਗਿਆ ਹੈ ਜਾਂ ਇਸ ਨੂੰ ਇੱਕ ਨਿਆਂਪਾਲਿਕਾ ਸੁਝਾਅ ਦੇ ਤੌਰ ਤੇ ਫਰੇਮ ਕੀਤਾ ਗਿਆ ਹੈ। ਇਹ ਅਦਾਲਤ ਉਸ ਤੋਂ ਪਰੇ ਨਹੀਂ ਜਾਣਾ ਚਾਹੁੰਦੀ ਅਤੇ ਇਸ ਕਾਰਵਾਈ ਨੂੰ ਉਚਿਤ ਵਿਧਾਇਕ ਸੰਸਥਾ ਦੁਆਰਾ ਵਿਚਾਰਨ ਲਈ ਛੱਡ ਦਿੰਦੀ ਹੈ। ਇਹ ਅਦਾਲਤ ਨਹੀਂ ਸਮਝਦੀ ਕਿ ਭਾਰਤੀ ਸੰਵਿਧਾਨ ਦਾ ਅਨੁਛੇਦ 14 ਕਿਸੇ ਵੀ ਪਸ਼ੂ ਨੂੰ ਵਿਅਕਤੀ ਦੇ ਤੌਰ ਤੇ ਵੀ ਆਹ੍ਵਾਨ ਕਰਨ ਲਈ ਕੰਮ ਆ ਸਕਦਾ ਹੈ। ਜਦੋਂ ਕਿ ਅਸੀਂ ਕਿਸੇ ਪਸ਼ੂ ਕਲਿਆਣ ਵਿਧਾਨ ਦੇ ਪ੍ਰਾਵਧਾਨਾਂ ਦੀ ਪਰਖ ਕਰ ਸਕਦੇ ਹਾਂ, ਪਰ ਉਹ ਮਨੁੱਖ ਜਾਂ ਨਿਆਂਵਿਧਾਨਕ ਵਿਅਕਤੀ ਦੇ ਉਦਾਹਰਣ ਦੇ

ਅਧਾਰ ਤੇ ਹੋਵੇਗੀ ਜੋ ਪਸ਼ੂ ਕਲਿਆਣ ਦੇ ਕਾਰਨ ਦਾ ਸਮਰਥਨ ਕਰ ਸਕਦੇ ਹਨ। (ਪੈਰਾ 24)

2. ਇਸ ਸਵਾਲ ਤੇ ਪੱਕਾ ਨਤੀਜਾ ਕੱਢਣ ਲਈ, ਕਿਸੇ ਕਿਸਮ ਦੇ ਸਬੂਤਾਂ ਤੇ ਟ੍ਰਾਇਲ ਦੀ ਲੋੜ ਸੀ। ਇਹ ਵੀ ਅਦਾਲਤ ਦਾ ਦਾਇਰਾ ਨਹੀਂ ਹੈ ਕਿ ਫੈਸਲਾ ਕਰੇ ਕਿ ਕੋਈ ਵਿਸ਼ੇਸ਼ ਘਟਨਾ ਜਾਂ ਕ੍ਰਿਆ-ਕਲਾਪ ਜਾਂ ਰਸਮ ਕਿਸੇ ਭਾਈਚਾਰੇ ਜਾਂ ਖੇਤਰ ਦਾ ਸਭਿਆਚਾਰ ਜਾਂ ਪਰੰਪਰਾ ਹੈ ਜਾਂ ਨਹੀਂ। ਪਰ ਜੇ ਕੋਈ ਲੰਮਾ ਚਿਰ ਤੱਕ ਚੱਲਦੀ ਪਰੰਪਰਾ ਕਾਨੂੰਨ ਦੇ ਖਿਲਾਫ ਜਾਂਦੀ ਹੈ, ਤਾਂ ਕਾਨੂੰਨ ਅਦਾਲਤਾਂ ਨੂੰ ਜ਼ਾਹਰ ਤੌਰ ਤੇ ਕਾਨੂੰਨ ਨੂੰ ਲਾਗੂ ਕਰਨਾ ਪਵੇਗਾ। ਧਿਰਾਂ ਲਈ ਪੇਸ਼ ਹੋ ਰਹੇ ਵਿਦਵਾਨ ਵਕੀਲਾਂ ਨੇ, ਹਾਲਾਂਕਿ, ਆਪਣੇ-ਆਪਣੇ ਪੱਖਾਂ ਨੂੰ ਜਾਇਜ਼ ਠਹਿਰਾਉਣ ਲਈ ਵੱਖੋ-ਵੱਖਰੇ ਪੁਰਾਣੇ ਗ੍ਰੰਥ ਅਤੇ ਆਧੁਨਿਕ ਸਾਹਿਤ ਦਾ ਹਵਾਲਾ ਦਿੱਤਾ ਹੈ। ਜਨਹਿੱਤ ਮੁਕੱਦਮੇਬਾਜ਼ੀਆਂ ਵਿੱਚ, ਇਸ ਅਦਾਲਤ ਨੇ ਇਸ ਕਿਸਮ ਦੇ ਵਿਸ਼ਿਆਂ ਤੇ ਉਚਿਤ ਟ੍ਰਾਇਲ ਤੇ ਅੜਨ ਦੀ ਬਜਾਏ ਉਪਲੱਬਧ ਭਰੋਸੇਮੰਦ ਸਾਹਿਤ ਦੇ ਆਧਾਰ ਤੇ ਕੁਝ ਸਮਾਜਿਕ ਜਾਂ ਆਰਥਿਕ ਹਾਲਤਾਂ ਨੂੰ ਸਮਝਣ ਦੀ ਪ੍ਰਥਾ ਵਿਕਸਿਤ ਕੀਤੀ ਹੈ। ਨਾਗਰਾਜਾ ਮਾਮਲੇ ਦੇ ਪੈਰਾ 53 ਅਤੇ 73 ਵਿੱਚ, ਇਸ ਗਲ ਦਾ ਨਿਆਂਪਾਲਕਾ ਵਲੋਂ ਨਿਰਧਾਰਣ ਹੋਇਆ ਹੈ ਕਿ ਇਹ ਅਭਿਆਸ ਕੇਂਦਰੀ ਅਧਿਨਿਯਮ ਦੇ ਪ੍ਰਾਵਧਾਨਾਂ ਦੇ ਖਿਲਾਫ ਹੈ। ਇਹ ਦੁਹਰਾਉਣਾ ਬੇਫਾਇਦਾ ਹੋਵੇਗਾ ਕਿ ਕਿਸੇ ਪਰੰਪਰਾ ਜਾਂ ਸਭਿਆਚਾਰਕ ਘਟਨਾ ਦੁਆਰਾ ਕਿਸੇ ਅਧਿਨਿਯਮ ਦੇ ਪ੍ਰਾਵਧਾਨਾਂ ਨੂੰ ਅਣਦੇਖਾ ਨਹੀਂ ਕੀਤਾ ਜਾ ਸਕਦਾ। ਇਸ ਲਈ, ਇਹ ਅਦਾਲਤ ਇਹ ਦਲੀਲ ਸਵੀਕਾਰ ਕਰਦੀ ਹੈ ਕਿ ਜਦੋਂ ਏ. ਨਾਗਰਾਜਾ ਦੇ ਮਾਮਲੇ ਦਾ ਫੈਸਲਾ ਦਿੱਤਾ ਗਿਆ ਸੀ, ਉਸ ਵਕਤ ਜੱਲੀਕੱਟੂ ਜਿਸ ਤਰ੍ਹਾਂ ਪ੍ਰਦਰਸ਼ਿਤ ਕੀਤਾ ਗਿਆ ਸੀ, ਉਹ 1960 ਦੇ ਅਧਿਨਿਯਮ ਦੇ ਉਕਤ ਪ੍ਰਾਵਧਾਨਾਂ ਦੀ ਉਲੰਘਣਾ ਕਰਦਾ ਸੀ ਅਤੇ ਇਸ ਲਈ ਅਜਿਹੀਆਂ ਖੇਡਾਂ ਦੇ ਕਰਵਾਉਣ ਦੀ ਅਨੁਮਤੀ ਨਹੀਂ ਸੀ। (ਪੈਰਾ 27)

3. ਤਾਮਿਲਨਾਡੂ ਸੋਧ ਅਧਿਨਿਯਮ ਵਿੱਚ ਇਹ ਪ੍ਰਾਵਧਾਨ ਹਨ ਕਿ ਰਾਜ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਅਤੇ ਰੈਗੂਲੇਸ਼ਨਾਂ ਦੇ ਅਧੀਨ ਜੱਲੀਕੱਟੂ ਦਾ ਆਯੋਜਨ ਕੀਤਾ ਜਾਵੇਗਾ। ਮਹਾਰਾਸ਼ਟਰ ਅਧਿਨਿਯਮ ਦੀ ਧਾਰਾ 38-ਅ ਰਾਜ ਦੀ ਨਿਯਮ ਬਣਾਉਣ ਦੀ ਸ਼ਕਤੀ ਨੂੰ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਦੇ ਅਨੁਕੂਲ ਕਰਦੀ ਹੈ। ਇਹ ਦੋਵੇਂ ਅਧਿਨਿਯਮ ਆਪਣੇ-ਆਪਣੇ ਰਾਜਾਂ ਵਿੱਚ 1960 ਦੇ ਅਧਿਨਿਯਮ ਦਾ ਹਿੱਸਾ ਬਣ ਗਏ ਹਨ ਅਤੇ ਖਾਸ ਤੌਰ ਤੇ ਰਾਜਾਂ ਨੂੰ ਨਿਯਮ ਬਣਾਉਣ ਦੀ ਸ਼ਕਤੀ ਦਿੱਤੀ ਗਈ ਹੈ ਅਤੇ ਨਿਯਮ ਬਣਾਏ ਗਏ ਹਨ। ਅਜਿਹੀਆਂ ਸਥਿਤੀਆਂ ਵਿੱਚ, ਜਿਵੇਂ ਕਿ ਇਸ ਅਦਾਲਤ ਨੇ ਪੀਅਰਲੈਸ ਜਨਰਲ ਫਾਇਨਾਂਸ ਅਤੇ ਇਨਵੈਸਟਮੈਂਟ ਕੰਪਨੀ ਲਿਮਿਟੇਡ ਦੇ ਮਾਮਲੇ ਵਿੱਚ ਮੰਨਿਆ ਹੈ, ਸਾਡੀ ਰਾਏ ਹੈ ਕਿ ਇਹ ਨਿਯਮ ਸੋਧ ਅਧਿਨਿਯਮਾਂ ਦੇ ਨਾਲ ਉਨ੍ਹਾਂ ਦੀ ਉਚਿਤ ਵਿਆਖਿਆ

ਲਈ ਪੜ੍ਹਨੇ ਪੈਣਗੇ। ਜਿਵੇਂ ਕਰਨਾਟਕ ਸੋਧ ਅਧਿਨਿਯਮ ਦੀ ਗੱਲ ਹੈ, ਸੋਧ ਤੋਂ ਬਾਅਦ ਮੁੱਖ ਅਧਿਨਿਯਮ ਵਿੱਚ ਧਾਰਾ 3(2) ਦੀ ਸ਼ੁਰੂਆਤ ਕਰਕੇ ਕੰਬਾਲਾ ਕਰਵਾਉਣ ਵਿੱਚ ਦੋ ਤਾਜ਼ਾ ਪਾਬੰਦੀਆਂ ਲਗਾਈਆਂ ਗਈਆਂ ਹਨ। ਇਹ ਹਾਲਤਾਂ ਕੰਬਾਲਾ ਕਰਵਾਉਣ ਵਾਲੇ ਪਸ਼ੂਆਂ ਪ੍ਰਤੀ ਜ਼ਿੰਮੇਵਾਰ ਵਿਅਕਤੀ ਦੁਆਰਾ ਪਸ਼ੂਆਂ ਨੂੰ ਗੈਰਜ਼ਰੂਰੀ ਦਰਦ ਜਾਂ ਪੀੜ ਦੀ ਮਨਾਹੀ ਕਰਦੀਆਂ ਹਨ ਅਤੇ ਅਜਿਹੀ ਪ੍ਰੈਕਟੀਸ ਨੂੰ ਰਾਜ ਸਰਕਾਰ ਦੁਆਰਾ ਅਧਿਸੂਚਨਾ ਰਾਹੀਂ ਨਿਰਧਾਰਤ ਕੀਤੀਆਂ ਜਾਣ ਵਾਲੀਆਂ ਸ਼ਰਤਾਂ ਦੇ ਅਧੀਨ ਰੱਖਦੀਆਂ ਹਨ। ਉਸੇ ਅਨੁਮਾਨ ਨੂੰ ਅਗਾਂਹ ਵਰਤਦਿਆਂ ਜੋ ਅਸੀਂ ਪਹਿਲਾਂ ਤਾਮਿਲਨਾਡੂ ਅਤੇ ਮਹਾਰਾਸ਼ਟਰ ਦੇ ਸੋਧ ਅਧਿਨਿਯਮਾਂ ਨੂੰ ਪੜ੍ਹਦੇ ਸਮੇਂ ਪ੍ਰਗਟ ਕੀਤਾ ਸੀ, ਸਾਡੀ ਰਾਏ ਵਿੱਚ ਕਰਨਾਟਕ ਰਾਜ ਦੁਆਰਾ ਜਾਰੀ ਕੀਤੀ ਗਈ ਅਧਿਸੂਚਨਾ ਨੂੰ ਵੀ ਨਿਯਮ ਵਜੋਂ ਉਹੀ ਸਥਿਤੀ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਸੋਧੇ ਗਏ ਅਧਿਨਿਯਮ ਦੇ ਅਟੁਟ ਹਿੱਸੇ ਵਜੋਂ ਪੜ੍ਹਨਾ ਚਾਹੀਦਾ ਹੈ। ਇਹ ਨਿਯਮ ਅਤੇ ਅਧਿਸੂਚਨਾ ਨੂੰ ਸੋਧ ਅਧਿਨਿਯਮਾਂ ਤੋਂ ਵੱਖ ਨਹੀਂ ਕਰਨਾ ਚਾਹੀਦਾ ਜਦੋਂ ਉਨ੍ਹਾਂ ਦੇ ਅਸਲ ਦਾਇਰੇ ਨੂੰ ਸਮਝਣ ਦੀ ਗੱਲ ਆਵੇ, ਜਦੋਂ ਪਟੀਸ਼ਨਕਰਤਾਵਾਂ ਦਾ ਦਾਅਵਾ ਹੈ ਕਿ ਉਕਤ ਨਿਯਮਾਂ ਅਤੇ ਅਧਿਸੂਚਨਾ ਤੋਂ ਵੱਖਰੇ ਤੌਰ ਤੇ ਵਿਸ਼ਲੇਸ਼ਣ ਕੀਤੇ ਗਏ ਸੋਧ ਅਧਿਨਿਯਮ ਇਸ ਅਦਾਲਤ ਦੇ ਏ. ਨਾਗਰਾਜਾ ਮਾਮਲੇ ਵਿੱਚ ਦਿੱਤੇ ਗਏ ਨਤੀਜਿਆਂ ਦੇ ਵਿਰੁੱਧ ਹੋਣਗੇ। (ਪੈਰਾ 29)

4. ਜੱਲੀਕੱਟੂ, ਕੰਬਾਲਾ ਅਤੇ ਬੈਲਗੱਡੀ ਦੌੜ ਦੀਆਂ ਸ਼ਬਦਾਵਲੀਆਂ, ਜੋ ਤਿੰਨ ਰਾਜਾਂ ਦੇ ਸੋਧ ਅਧਿਨਿਯਮਾਂ ਦੁਆਰਾ ਪੇਸ਼ ਕੀਤੀਆਂ ਗਈਆਂ ਸਨ, ਉਨ੍ਹਾਂ ਵਿੱਚ ਉਸ ਤਰ੍ਹਾਂ ਦਾ ਬਦਲਾਅ ਆ ਗਿਆ ਹੈ ਜਿਵੇਂ ਉਹ ਪਹਿਲਾਂ ਅਭਿਆਸ ਜਾਂ ਪ੍ਰਦਰਸ਼ਨ ਕੀਤੇ ਜਾਂਦੇ ਸਨ ਅਤੇ ਜੋ ਤੱਥ ਹਾਲਾਤ ਉਸ ਸਮੇਂ ਮੌਜੂਦ ਸਨ ਜਦੋਂ ਏ. ਨਾਗਰਾਜਾ ਦਾ ਫੈਸਲਾ ਦਿੱਤਾ ਗਿਆ ਸੀ, ਉਹਨਾਂ ਦੀ ਮੌਜੂਦਾ ਸਥਿਤੀ ਨਾਲ ਸਮਾਨਤਾ ਨਹੀਂ ਕੀਤੀ ਜਾ ਸਕਦੀ। ਇਹ ਅਦਾਲਤ ਇਸ ਨਤੀਜੇ ਤੇ ਨਹੀਂ ਪਹੁੰਚ ਸਕਦੀ ਕਿ ਬਦਲੇ ਹਾਲਾਤਾਂ ਵਿੱਚ, ਸਾਨ੍ਹਾਂ ਨੂੰ ਬਿਲਕੁਲ ਵੀ ਦਰਦ ਜਾਂ ਪੀੜ ਨਹੀਂ ਹੋਵੇਗੀ ਜਦੋਂ ਇਹ ਖੇਡ ਕਰਵਾਈ ਜਾਂਦੀ ਹੈ। ਪਰ ਇਹ ਅਦਾਲਤ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਦਰਦ ਦੇਣ ਵਾਲੇ ਅਭਿਆਸਾਂ ਦਾ ਵੱਡਾ ਹਿੱਸਾ, ਜੋ ਪਹਿਲਾਂ ਇਨ੍ਹਾਂ ਤਿੰਨ ਖੇਡਾਂ ਦੇ ਪ੍ਰਦਰਸ਼ਨ ਵਿੱਚ ਹੁੰਦਾ ਸੀ, ਇਨ੍ਹਾਂ ਵਿਧਾਇਕ ਦਸਤਾਵੇਜ਼ਾਂ ਦੀ ਪੇਸ਼ਕਾਰੀ ਨਾਲ ਕਾਫੀ ਹੱਦ ਤੱਕ ਘੱਟ ਕੀਤਾ ਗਿਆ ਹੈ। ਤਰਕ ਦਿੱਤਾ ਗਿਆ ਸੀ ਕਿ ਅਸਲ ਵਿੱਚ ਇਹ ਕਲਿਆਣ ਦੇ ਉਪਾਅ ਅਮਲ ਵਿੱਚ ਨਹੀਂ ਆ ਸਕਦੇ ਅਤੇ ਜੋ ਵਿਵਸਥਾ ਪਹਿਲਾਂ ਮੌਜੂਦ ਸੀ ਉਹ ਜਾਰੀ ਰਹਿ ਸਕਦੀ ਹੈ। ਹਾਲਾਂਕਿ, ਇਹ ਅਦਾਲਤ ਨਿਆਂ ਕਰਨ ਦੀ ਸ਼ਕਤੀ ਦੀ ਵਰਤੋਂ ਕਰਦੇ ਹੋਏ ਇਸ ਧਾਰਨਾ ਤੇ ਅੱਗੇ ਨਹੀਂ ਵਧ ਸਕਦੀ ਕਿ ਕਾਨੂੰਨ ਨੂੰ ਇਸ ਦੀ ਦੁਰਵਰਤੋਂ ਜਾਂ ਅਵੱਗਿਆ ਦੇ ਡਰ ਦੇ ਆਧਾਰ ਤੇ ਰੱਦ ਕੀਤਾ ਜਾਣਾ ਚਾਹੀਦਾ ਹੈ। ਤਿੰਨੋਂ ਪਸ਼ੂ ਖੇਡਾਂ, ਸੋਧ ਤੋਂ ਬਾਅਦ, ਆਪਣੇ ਪ੍ਰਦਰਸ਼ਨ ਅਤੇ ਅਭਿਆਸ ਵਿੱਚ ਵੱਖਰੀ

ਵਿਸ਼ੇਸ਼ਤਾ ਧਾਰਣ ਕਰਦੀਆਂ ਹਨ ਅਤੇ ਇਨ੍ਹਾਂ ਕਾਰਣਾਂ ਕਰਕੇ ਇਹ ਅਦਾਲਤ ਪਟੀਸ਼ਨਕਰਤਾਵਾਂ ਦੇ ਉਸ ਤਰਕ ਨੂੰ ਸਵੀਕਾਰ ਨਹੀਂ ਕਰਦੀ ਕਿ ਸੋਧ ਅਧਿਨਿਯਮ ਸਿਰਫ ਇੱਕ ਦਿਖਣ ਵਾਲੇ ਵਿਧਾਨ ਦਾ ਹਿੱਸਾ ਸੀ ਜੋ ਨਿਆਂਪਾਲਕਾ ਦੇ ਐਲਾਨ ਨੂੰ ਦਰਕਿਨਾਰ ਕਰਨ ਲਈ ਸਿਰਫ ਦਿਖਾਵੇ ਲਈ ਬਦਲਾਅ ਕੀਤਾ ਗਿਆ ਸੀ। ਇੱਕ ਵਾਰ ਜਦੋਂ ਸੋਧੇ ਗਏ ਅਧਿਨਿਯਮ ਆਪਣੇ-ਆਪਣੇ ਨਿਯਮਾਂ ਜਾਂ ਅਧਿਸੂਚਨਾ ਨਾਲ ਪੜ੍ਹੇ ਜਾਂਦੇ ਹਨ, ਇਹ ਅਦਾਲਤ ਇਸ ਨਤੀਜੇ ਤੇ ਨਹੀਂ ਪਹੁੰਚਦੀ ਕਿ ਉਹ ਕੇਂਦਰੀ ਵਿਧਾਨ ਤੇ ਅਤਿਕ੍ਰਮਣ ਕਰਦੇ ਹਨ। ਉੱਤਰਵਾਦੀਆਂ ਨੇ ਆਪਣੇ ਪੱਖ ਨੂੰ ਬਚਾਉਣ ਲਈ ਵੱਡੀ ਗਿਣਤੀ ਵਿੱਚ ਅਧਿਕਾਰਕ ਫੈਸਲਿਆਂ ਦਾ ਹਵਾਲਾ ਦਿੱਤਾ ਹੈ ਕਿ ਇਹ ਸਿਰਫ ਦਿਖਣ ਵਾਲੇ ਵਿਧਾਨ ਦੇ ਮਾਮਲੇ ਨਹੀਂ ਹਨ ਪਰ ਇਹ ਅਦਾਲਤ ਸਾਰੇ ਫੈਸਲਿਆਂ ਦਾ ਵਿਅਕਤੀਗਤ ਤੌਰ ਤੇ ਹਵਾਲਾ ਦੇਣ ਦੀ ਜ਼ਰੂਰਤ ਨੂੰ ਮਹਿਸੂਸ ਨਹੀਂ ਕਰਦੀ ਕਿਉਂਕਿ ਇਹ ਅਦਾਲਤ ਵੱਖ-ਵੱਖ ਵਿਧਾਇਕ ਦਸਤਾਵੇਜ਼ਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਜੋ ਇਸ ਖੇਤਰ ਨੂੰ ਕਵਰ ਕਰਦੇ ਹਨ, ਇਸ ਨਤੀਜੇ ਤੇ ਪਹੁੰਚੀ ਹੈ। (ਪੈਰਾ 30)

5. ਕੀ ਸੋਧ ਅਧਿਨਿਯਮਾਂ ਨੂੰ ਮਨਮਾਨੇ ਹੋਣ ਦੇ ਕਾਰਨ ਰੱਦ ਕੀਤਾ ਜਾ ਸਕਦਾ ਹੈ? ਕੁਝ ਕੇਸਾਂ ਦਾ ਇੱਕ ਸਮੂਹ ਹੈ ਜਿਸ ਵਿੱਚ ਵਿਧਾਨਾਂ ਨੂੰ ਇਸ ਆਧਾਰ ਤੇ ਅਵੈਧ ਕਰਾਰ ਦਿੱਤਾ ਗਿਆ ਹੈ। ਜਿਵੇਂ ਕਿ ਮੌਜੂਦਾ ਵਿਵਾਦ ਦੇ ਵਿਸ਼ਾ ਦੀ ਗੱਲ ਹੈ, ਸਾਨ੍ਹਾਂ ਨੂੰ ਇੱਕ ਵੱਖਰੀ ਪ੍ਰਜਾਤੀ ਦੇ ਰੂਪ ਵਿੱਚ ਦੱਸਿਆ ਗਿਆ ਹੈ ਜੋ ਕਿ ਖਿੱਚ ਜਾਂ ਦੁੱਧ ਦੇਣ ਵਾਲੇ ਜਾਨਵਰਾਂ ਦੇ ਤੌਰ ਤੇ ਜਾਣੇ ਜਾਂਦੇ ਹਨ ਜਦ ਕਿ ਇਸਦੇ ਉਲਟ ਘੋੜੇ ਦੌੜਣ ਲਈ ਅਨੁਕੂਲਿਤ ਹਨ। ਪਰ ਇਹ ਅਦਾਲਤ ਇਹ ਮੰਨਣ ਤੋਂ ਇਨਕਾਰ ਕਰਦੀ ਹੈ ਕਿ ਸਿਰਫ ਇਸ ਲਈ ਕਿ ਸਾਨ੍ਹਾਂ ਕੋਲ ਘੋੜੇ ਵਾਂਗ ਕੁਦਰਤੀ ਤੌਰ ਤੇ ਦੌੜਨ ਦੀ ਯੋਗਤਾ ਨਹੀਂ ਹੈ, ਸਮੇਂ ਸਮੇਂ ਤੇ ਕੀਤੀਆਂ ਜਾਂਦੀਆਂ ਵਿਸ਼ੇ ਅਧੀਨ ਖੇਡਾਂ ਨੂੰ 1960 ਦੇ ਅਧਿਨਿਯਮ ਦੇ ਪ੍ਰਾਵਧਾਨਾਂ ਦੇ ਵਿਰੁੱਧ ਮੰਨਿਆ ਜਾਵੇ। ਦਰਅਸਲ, ਉੱਤਰਵਾਦੀਆਂ ਵਲੋਂ ਇਹ ਤਰਕ ਦਿੱਤਾ ਗਿਆ ਸੀ ਕਿ ਇਸ ਤਰ੍ਹਾਂ ਦੀ ਪ੍ਰਜਾਤੀ ਦੇ ਸਾਂਡ ਖ਼ਾਸ ਤੌਰ ਤੇ ਪਾਲੇ ਜਾਂਦੇ ਹਨ ਅਤੇ ਉਨ੍ਹਾਂ ਕੋਲ ਕੁਦਰਤੀ ਤੌਰ ਤੇ ਦੌੜਨ ਦੀ ਯੋਗਤਾ ਹੁੰਦੀ ਹੈ। ਇਸ ਬਿੰਦੂ ਤੇ ਵਿਰੋਧੀ ਵਿਚਾਰ ਹਨ। ਪਰ ਇਸ ਅਦਾਲਤ ਦੀ ਰਾਏ ਵਿੱਚ, ਇਨ੍ਹਾਂ ਸਾਨ੍ਹਾਂ ਦੀਆਂ ਖੇਡਾਂ ਨਾਲ ਕੋਈ ਤਰਕਹੀਣ ਵਰਗੀਕਰਣ ਨਹੀਂ ਕੀਤਾ ਗਿਆ ਹੈ ਜੋ ਕਿ ਭਾਰਤੀ ਸੰਵਿਧਾਨ ਦੇ ਅਨੁਛੇਦ 14 ਦੁਆਰਾ ਰੋਕੀ ਜਾਣ ਵਾਲੀ ਬੁਰਾਈ ਨੂੰ ਆਕਰਸ਼ਿਤ ਕਰਦਾ ਹੈ। ਕਿਸੇ ਵਿਧਾਇਕ ਅਧਿਨਿਯਮ ਦੀ ਵੈਧਤਾ ਨੂੰ ਇਸ ਦੇ ਅਣਉਚਿਤ ਹੋਣ ਦੇ ਆਧਾਰ ਤੇ ਵੀ ਨਕਾਰਿਆ ਜਾ ਸਕਦਾ ਹੈ। ਇੱਥੇ ਗੈਰ ਵਾਜ਼ਿਬ ਹੋਣ ਦਾ ਅੰਸ਼ ਇਹ ਹੈ ਕਿ ਇੱਥੇ ਸ਼ਾਮਲ ਪਸ਼ੂ ਪ੍ਰਜਾਤੀ ਨੂੰ ਮੁੱਖ ਤੌਰ ਤੇ ਮਨੋਰੰਜਨ ਦੇ ਉਦੇਸ਼ ਲਈ ਗੈਰਜ਼ਰੂਰੀ ਦਰਦ ਅਤੇ ਪੀੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ 1960 ਦਾ

ਅਧਿਨਿਯਮ ਖੁਦ ਕਈ ਗਤੀਵਿਧੀਆਂ ਨੂੰ ਵਰਗੀਕਰਣ ਕਰਦਾ ਹੈ ਜੋ ਕਿ ਸੰਵੇਦਨਸ਼ੀਲ ਜਾਨਵਰਾਂ ਨੂੰ ਵੀ ਦਰਦ ਅਤੇ ਪੀੜ ਪਹੁੰਚਾਂਦੀਆਂ ਹਨ। (ਪੈਰਾ 31)

6. ਆਈ.ਐਨ. ਸਕਸੈਨਾ ਬਨਾਮ ਮੱਧ ਪ੍ਰਦੇਸ਼ ਰਾਜ ਦੇ ਮਾਮਲੇ ਵਿੱਚ ਇਸ ਅਦਾਲਤ ਨੇ ਇਹ ਦਸਿਆ ਸੀ ਕਿ ਸੰਵਿਧਾਨ ਵਿੱਚ ਵਿਧਾਇਕ ਸੂਚੀਆਂ ਦੀ ਵਿਆਪਕ ਵਿਸਥਾਰ ਨਾਲ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। 1960 ਦਾ ਅਧਿਨਿਯਮ ਮੁੱਕੰਮਲ ਤੌਰ ਤੇ ਅਤੇ ਤਿੰਨ ਸੋਧਾਂ ਦੇ ਵਿਸ਼ੇ ਸਿੱਧੇ ਤੌਰ ਤੇ ਪਸ਼ੂਆਂ ਨੂੰ ਬੇਰਹਿਮੀ ਤੋਂ ਬਚਾਉਣ ਦੇ ਸਵਾਲ ਨਾਲ ਸਬੰਧਤ ਹਨ। ਇਸ ਵਿਸ਼ੇ ਨੂੰ ਜੋੜਨ ਲਈ ਕਿਸੇ ਵੀ ਸੂਚੀ ਵਿੱਚ ਕੋਈ ਹੋਰ ਮੱਦ ਨਹੀਂ ਹੈ। ਅਜਿਹੀਆਂ ਸਥਿਤੀਆਂ ਵਿੱਚ, ਇਹ ਅਦਾਲਤ ਅਰਜ਼ੀਕਾਰਾਂ ਦੇ ਉਸ ਦਾਅਵੇ ਨੂੰ ਰੱਦ ਕਰਦੀ ਹੈ ਕਿ ਰਾਜ ਵਿਧਾਨਮੰਡਲਾਂ ਨੂੰ ਇਹ ਸੋਧਾਂ ਲਿਆਉਣ ਦਾ ਅਧਿਕਾਰ ਨਹੀਂ ਸੀ, ਜਿਨ੍ਹਾਂ ਨੂੰ ਬਾਅਦ ਵਿੱਚ ਰਾਸ਼ਟਰਪਤੀ ਦੀ ਮਨਜ਼ੂਰੀ ਪ੍ਰਾਪਤ ਹੋ ਗਈ ਸੀ। (ਪੈਰਾ 34)

7. ਅਗਲਾ ਸਵਾਲ ਇਹ ਹੈ ਕਿ ਕੀ ਉਕਤ ਸੋਧਾਂ ਤੋਂ ਬਾਅਦ ਵੀ, ਜੱਲੀਕੱਟੂ ਅਤੇ ਬਾਕੀ ਦੋ ਗਤੀਵਿਧੀਆਂ ਨੂੰ ਤਿੰਨ ਵਿਧਾਇਕ ਸੰਸਥਾਵਾਂ ਦੀ ਵਿਧਾਇਕ ਸਮਰੱਥਾ ਤੋਂ ਬਾਹਰ ਸਮਝਿਆ ਜਾ ਸਕਦਾ ਹੈ। ਇਹ ਅਦਾਲਤ ਪਹਿਲਾਂ ਹੀ ਮੰਨ ਚੁੱਕੀ ਹੈ ਕਿ ਤਿੰਨ ਸੋਧ ਅਧਿਨਿਯਮਾਂ ਨੂੰ ਉਹਨਾਂ ਦੇ ਨਤੀਜੇ ਵਜੋਂ ਬਣੇ ਨਿਯਮਾਂ ਜਾਂ ਅਧਿਸੂਚਨਾਵਾਂ ਨਾਲ ਇਕੱਠੇ ਪੜ੍ਹਿਆ ਜਾਣਾ ਚਾਹੀਦਾ ਹੈ। ਇਸ ਅਦਾਲਤ ਦੀ ਦ੍ਰਿਸ਼ਟੀ ਵਿੱਚ, ਇਹ ਨਿਯਮ, ਜੇਕਰ ਅਧਿਨਿਯਮਾਂ ਦਾ ਹਿੱਸਾ ਮੰਨੇ ਜਾਂਦੇ ਹਨ, ਤਾਂ ਇਹ ਖੇਡਾਂ ਨੂੰ ਕਰਵਾਉਣ ਦੇ ਤਰੀਕੇ ਨੂੰ ਬਦਲ ਦਿੰਦੇ ਹਨ ਅਤੇ ਇੱਕ ਵਾਰ ਜਦੋਂ ਇਹ ਪ੍ਰਾਵਧਾਨ ਲਾਗੂ ਕੀਤੇ ਜਾਂਦੇ ਹਨ, ਤਾਂ 1960 ਦੇ ਅਧਿਨਿਯਮ ਦੇ ਉਕਤ ਦੋ ਪ੍ਰਾਵਧਾਨ (ਯਾਨੀ ਧਾਰਾਵਾਂ 3 ਅਤੇ 11(1)(ਉ) ਅਤੇ (ਜ)) ਦੁਆਰਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਖਰਾਬੀ ਹੁਣ ਹੋਰ ਲਾਗੂ ਨਹੀਂ ਹੋਵੇਗੀ। ਇਸ ਲਈ, ਇਹ ਤਰਕ ਕਿ ਸੋਧ ਅਧਿਨਿਯਮ ਇਸ ਲਈ ਗੈਰ-ਕਾਨੂੰਨੀ ਹਨ ਕਿਉਂਕਿ ਉਹ ਏ. ਨਾਗਰਾਜਾ ਦੇ ਫੈਸਲੇ ਨੂੰ ਦਰਕਿਨਾਰ ਕਰਨ ਦੀ ਕੋਸ਼ਿਸ਼ ਕਰਦੇ ਹਨ, ਇਹ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਉਸ ਫੈਸਲੇ ਦੇ ਆਧਾਰ ਲਈ ਵਿਚਾਰ ਕੀਤੇ ਗਏ ਉਦੇਸ਼ ਅਤੇ ਤਰੀਕੇ ਜਿਸ ਕਰਕੇ ਗਲਤ ਗਤੀਵਿਧੀਆਂ ਕੀਤੀਆਂ ਗਈਆਂ ਸਨ, ਉਸ ਨੂੰ ਬਦਲ ਦਿੱਤਾ ਗਿਆ ਹੈ। (ਪੈਰਾ 35)

8. ਪਹਿਲਾਂ ਹੀ ਚਰਚਾ ਕੀਤੀਆਂ ਗਈਆਂ ਗੱਲਾਂ ਦੀ ਰੋਸ਼ਨੀ ਵਿੱਚ, ਇਸ ਅਦਾਲਤ ਨੇ ਉਨ੍ਹਾਂ ਪੰਜ ਸਵਾਲ ਜੋ ਉਨ੍ਹਾਂ ਨੂੰ ਰੈਫਰ ਕੀਤੇ ਗਏ ਸਨ, ਦੇ ਜਵਾਬ ਇਸ ਤਰ੍ਹਾਂ ਦਿੱਤੇ:

(i) ਤਾਮਿਲਨਾਡੂ ਸੋਧ ਅਧਿਨਿਯਮ ਕੋਈ ਦਿਖਾਵੇ ਲਈ ਵਿਧਾਨ ਦਾ ਹਿੱਸਾ ਨਹੀਂ ਹੈ। ਇਹ ਸਾਰ ਅਤੇ ਨਿਚੋੜ ਵਿੱਚ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਦੀ ਮੱਦ 17 ਨਾਲ ਸੰਬੰਧਿਤ ਹੈ। ਇਹ ਸਬੰਧਤ ਖੇਡਾਂ ਵਿੱਚ ਪਸ਼ੂਆਂ ਦੇ ਦਰਦ ਨੂੰ ਘਟਾਉਂਦਾ ਹੈ ਅਤੇ ਇੱਕ ਵਾਰ ਜਦੋਂ ਸੋਧ ਅਧਿਨਿਯਮ, ਉਨ੍ਹਾਂ ਦੇ ਨਿਯਮਾਂ ਅਤੇ ਅਧਿਸੂਚਨਾ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਉਕਤ ਖੇਡਾਂ ਉਸ ਖਰਾਬੀ ਦੇ ਅੰਦਰ ਨਹੀਂ ਆਉਣਗੀਆਂ ਜਿਸ ਦੀ ਰੋਕਥਾਮ 1960 ਦੇ ਅਧਿਨਿਯਮ ਦੀਆਂ ਧਾਰਾਵਾਂ 3, 11(1) (ਓ) ਅਤੇ (ਜ) ਦੁਆਰਾ ਕੀਤੀ ਜਾਣੀ ਹੈ।

(ii) ਜੱਲੀਕੱਟੂ ਇੱਕ ਕਿਸਮ ਦਾ ਪਸ਼ੂ ਖੇਡ ਹੈ ਅਤੇ ਇਹ ਅਦਾਲਤ ਇਸ ਗੱਲ ਦੇ ਆਧਾਰ ਤੇ ਸੰਤੁਸ਼ਟ ਹੈ ਕਿ ਇਹ ਘਟੋ ਘਟ ਪਿਛਲੀਆਂ ਕੁਝ ਸਦੀਆਂ ਤੋਂ ਤਾਮਿਲਨਾਡੂ ਰਾਜ ਵਿੱਚ ਚੱਲ ਰਿਹਾ ਹੈ। ਇਸ ਘਟਨਾ ਵਿੱਚ ਮੂਲ ਰੂਪ ਵਿੱਚ ਇੱਕ ਸਾਂਡ ਨੂੰ ਇੱਕ ਅਖਾੜੇ ਵਿੱਚ ਆਜ਼ਾਦ ਕੀਤਾ ਜਾਂਦਾ ਹੈ ਅਤੇ ਮਨੁੱਖੀ ਭਾਗੀਦਾਰਾਂ ਨੂੰ "ਖੇਡ" ਵਿੱਚ ਸਕੋਰ ਕਰਨ ਲਈ ਇਸਦੇ ਕੂਬੜ ਨੂੰ ਫੜਨਾ ਹੁੰਦਾ ਹੈ। ਪਰ ਕੀ ਇਹ ਤਾਮਿਲ ਸਭਿਆਚਾਰ ਦਾ ਅਟੁਟ ਹਿੱਸਾ ਬਣ ਗਿਆ ਹੈ ਜਾਂ ਨਹੀਂ, ਇਸਦੇ ਧਾਰਮਿਕ, ਸਭਿਆਚਾਰਕ ਅਤੇ ਸਮਾਜਿਕ ਵਿਸ਼ਲੇਸ਼ਣ ਨੂੰ ਹੋਰ ਵਿਸਤਾਰ ਵਿੱਚ ਜਾਣਨ ਦੀ ਲੋੜ ਹੈ, ਜੋ ਕਿ ਇਹ ਕਾਰਜ ਨਿਆਂਪਾਲਕਾ ਦੁਆਰਾ ਨਹੀਂ ਕੀਤਾ ਜਾ ਸਕਦਾ। ਇਹ ਸਵਾਲ ਕਿ ਕੀ ਤਾਮਿਲਨਾਡੂ ਸੋਧ ਅਧਿਨਿਯਮ ਦਾ ਉਦੇਸ਼ ਕਿਸੇ ਵਿਸ਼ੇਸ਼ ਰਾਜ ਦੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੈ, ਇੱਕ ਬਹਿਸ ਯੋਗ ਮੁੱਦਾ ਹੈ ਜੋ ਲੋਕ ਸਭਾ ਵਿੱਚ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ। ਇਹ ਨਿਆਂਪਾਲਕਾ ਦੀ ਪੜਤਾਲ ਦਾ ਹਿੱਸਾ ਨਹੀਂ ਹੋਣਾ ਚਾਹੀਦਾ ਅਤੇ ਖਾਸ ਕਰਕੇ ਵਿਚਾਰਾਧੀਨ ਗਤੀਵਿਧੀ ਅਤੇ ਦੋਵਾਂ ਧਿਰਾਂ ਵਲੋਂ ਦਿੱਤੇ ਗਏ ਪਾਠਾਂ ਦੇ ਰੂਪ ਵਿੱਚ ਦਿੱਤੀ ਸਮੱਗਰੀ ਦੇ ਮੱਦੇਨਜ਼ਰ, ਇਹ ਸਵਾਲ ਰਿੱਟ ਕਾਰਵਾਈਆਂ ਵਿੱਚ ਨਿਸ਼ਚਿਤ ਰੂਪ ਵਿੱਚ ਤੈਅ ਨਹੀਂ ਕੀਤਾ ਜਾ ਸਕਦਾ। ਚੂੰਕਿ ਵਿਧਾਇਕ ਕਾਰਜ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਅਤੇ ਜੱਲੀਕੱਟੂ ਨੂੰ ਤਾਮਿਲਨਾਡੂ ਦੀ ਸਭਿਆਚਾਰਕ ਵਿਰਾਸਤ ਦਾ ਹਿੱਸਾ ਪਾਇਆ ਗਿਆ ਹੈ, ਇਹ ਅਦਾਲਤ ਵਿਧਾਇਕਾ ਦੇ ਇਸ ਦ੍ਰਿਸ਼ਟੀਕੋਣ ਨੂੰ ਭੰਗ ਨਹੀਂ ਕਰੇਗੀ। ਇਹ ਅਦਾਲਤ ਏ. ਨਾਗਰਾਜਾ ਦੇ ਮਾਮਲੇ ਵਿੱਚ ਪ੍ਰਗਟ ਕੀਤੇ ਗਏ ਵਿਚਾਰ ਨੂੰ ਸਵੀਕਾਰ ਨਹੀਂ ਕਰਦੀ ਕਿ ਜੱਲੀਕੱਟੂ ਦਾ ਪ੍ਰਦਰਸ਼ਨ ਤਾਮਿਲਨਾਡੂ ਦੇ ਲੋਕਾਂ ਦੀ ਸਭਿਆਚਾਰਕ ਵਿਰਾਸਤ ਦਾ ਹਿੱਸਾ ਨਹੀਂ ਹੈ। ਇਹ ਅਦਾਲਤ ਨਹੀਂ ਸਮਝਦੀ ਕਿ ਇਸ ਨਤੀਜੇ ਤੇ ਪਹੁੰਚਣ ਲਈ ਅਦਾਲਤ ਕੋਲ ਕਾਫੀ ਸਮੱਗਰੀ ਸੀ। ਸੋਧ ਅਧਿਨਿਯਮ ਦੀ ਪ੍ਰਸਤਾਵਨਾ ਵਿੱਚ, ਜੱਲੀਕੱਟੂ ਨੂੰ ਤਮਿਲਨਾਡੂ ਦੀ ਸਭਿਆਚਾਰਕ ਅਤੇ ਪਰੰਪਰਾ ਦਾ ਹਿੱਸਾ ਦੱਸਿਆ ਗਿਆ ਹੈ। ਏ. ਨਾਗਰਾਜਾ ਦੇ ਮਾਮਲੇ ਵਿੱਚ, ਡਿਵੀਜ਼ਨ ਬੈਂਚ ਨੇ ਸਭਿਆਚਾਰਕ ਦ੍ਰਿਸ਼ਟੀਕੋਣ ਨੂੰ ਨਿਰਾਧਾਰ ਪਾਇਆ ਅਤੇ ਸਾਨ੍ਹਾਂ ਨੂੰ ਦਰਦ ਅਤੇ ਪੀੜ ਦੇਣ ਦੇ ਤਰੀਕਿਆਂ ਨੂੰ ਦੱਸਦਿਆਂ ਡਿਵੀਜ਼ਨ ਬੈਂਚ ਨੇ ਇਹ ਨਤੀਜਾ ਕੱਢਿਆ ਕਿ ਅਜਿਹੀਆਂ

ਗਤੀਵਿਧੀਆਂ 1960 ਦੇ ਅਧਿਨਿਯਮ ਦੀਆਂ ਧਾਰਾਵਾਂ 3 ਅਤੇ 11(1)(ਓ) ਅਤੇ (ਜ) ਦੇ ਖਿਲਾਫ ਹਨ। ਭਾਵੇਂ ਇਹ ਅਦਾਲਤ ਇਸ ਆਧਾਰ ਤੇ ਅੱਗੇ ਵਧੇ ਕਿ ਵਿਧਾਇਕਾ ਰਾਜ ਦੀ ਉਹ ਸ਼ਾਖਾ ਹੈ ਜੋ ਇਹ ਨਿਰਧਾਰਤ ਕਰਨ ਲਈ ਸਭ ਤੋਂ ਵਧੀਆ ਹੈ ਕਿ ਕੀ ਕੁਝ ਵਿਸ਼ੇਸ਼ ਪਸ਼ੂ-ਖੇਡਾਂ ਕਿਸੇ ਖੇਤਰ ਜਾਂ ਭਾਈਚਾਰੇ ਦੀ ਸਭਿਆਚਾਰਕ ਪਰੰਪਰਾ ਦਾ ਹਿੱਸਾ ਹਨ ਜਾਂ ਨਹੀਂ, ਜੇਕਰ ਅਜਿਹੀ ਸਭਿਆਚਾਰਕ ਘਟਨਾ ਜਾਂ ਪਰੰਪਰਾ ਕਾਨੂੰਨ ਦੇ ਖਿਲਾਫ ਹੈ, ਤਾਂ ਸਜ਼ਾ ਦਾ ਨਤੀਜਾ ਆਵੇਗਾ। ਅਜਿਹੀਆਂ ਗਤੀਵਿਧੀਆਂ ਨੂੰ ਰਾਜ ਦੀ ਸਭਿਆਚਾਰਕ ਪਰੰਪਰਾ ਦਾ ਹਿੱਸਾ ਹੋਣ ਦੇ ਆਧਾਰ ਤੇ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਏ. ਨਾਗਰਾਜਾ ਵਿੱਚ ਖੇਡਾਂ ਨੂੰ ਇਸ ਲਈ 1960 ਦੇ ਅਧਿਨਿਯਮ ਦੀਆਂ ਧਾਰਾਵਾਂ 3 ਅਤੇ 11(1)(ਓ) ਅਤੇ (ਜ) ਉਸ ਦੇ ਅਭਿਆਸ ਦੇ ਤਰੀਕੇ ਕਾਰਨ ਪਾਬੰਦੀ ਦੇ ਅਧੀਨ ਕਰਾਰ ਦਿੱਤਾ ਗਿਆ ਸੀ। ਸੋਧ ਅਧਿਨਿਯਮ ਨੂੰ ਨਿਯਮਾਂ ਨਾਲ ਪੜ੍ਹਿਆ ਜਾਵੇ ਤਾਂ ਇਸਦਾ ਉਦੇਸ਼ ਦਰਦ ਅਤੇ ਪੀੜ ਨੂੰ ਕਾਫੀ ਹੱਦ ਤੱਕ ਘਟਾਉਣਾ ਅਤੇ ਪਰੰਪਰਾਗਤ ਖੇਡਾਂ ਨਾਲ ਜਾਰੀ ਰਹਿਣਾ ਹੈ। ਸੋਧ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਤੋਂ ਬਾਅਦ, ਇਹ ਅਦਾਲਤ ਨਹੀਂ ਸਮਝਦੀ ਕਿ ਰਾਜ ਦੀ ਕਾਰਵਾਈ ਵਿੱਚ ਕੋਈ ਖਾਮੀ ਹੈ। "ਜੱਲੀਕੱਟੂ" ਵਜੋਂ ਪਸ਼ੂ ਖੇਡਾਂ ਨੂੰ ਉਨ੍ਹਾਂ ਦੇ ਪਹਿਲਾਂ ਅਭਿਆਸ ਕੀਤੇ ਜਾਣ ਵਾਲੇ ਢੰਗ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ ਅਤੇ ਖੇਡਾਂ ਦਾ ਆਯੋਜਨ ਖੁਦ ਤਾਮਿਲਨਾਡੂ ਦੇ ਨਿਯਮਾਂ ਦੇ ਅਨੁਸਾਰ ਮਨਜ਼ੂਰ ਹੋ ਸਕਦਾ ਹੈ।

(iii) ਤਮਿਲਨਾਡੂ ਸੋਧ ਅਧਿਨਿਯਮ, ਸਾਰ ਅਤੇ ਨਿਚੋੜ ਵਿੱਚ, ਦੇਸੀ ਨਸਲ ਦੇ ਸਾਨ੍ਹਾਂ ਦੇ ਜੀਵਨ ਅਤੇ ਭਲਾਈ ਨੂੰ ਸੁਨਿਸ਼ਚਿਤ ਕਰਨਾ ਨਹੀਂ ਹੈ। ਉਕਤ ਅਧਿਨਿਯਮ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ 48 ਨਾਲ ਸਬੰਧਤ ਨਹੀਂ ਹੈ। ਉਕਤ ਸੋਧ ਅਧਿਨਿਯਮ ਦਾ ਇਤਫਾਕੀ ਅਸਰ ਕਿਸੇ ਖਾਸ ਕਿਸਮ ਦੇ ਸਾਂਡ ਦੀ ਨਸਲ ਤੇ ਪੈ ਸਕਦਾ ਹੈ ਅਤੇ ਖੇਤੀਬਾੜੀ ਦੀਆਂ ਗਤੀਵਿਧੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਸਾਰ ਅਤੇ ਨਿਚੋੜ ਵਿੱਚ ਅਧਿਨਿਯਮ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਦੀ ਮੱਦ 17 ਨਾਲ ਸਬੰਧਤ ਹੈ।

(iv) ਇਸ ਸਵਾਲ ਦਾ ਜਵਾਬ ਨਕਾਰਾਤਮਕ ਹੈ। ਤਾਮਿਲਨਾਡੂ ਸੋਧ ਅਧਿਨਿਯਮ ਅਨੁਛੇਦ 51-ਉ(ਖ) ਅਤੇ 51-ਉ(ਗ) ਦੇ ਖਿਲਾਫ ਨਹੀਂ ਜਾਂਦਾ ਅਤੇ ਨਾ ਹੀ ਇਹ ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਤੇ 21 ਦੇ ਪ੍ਰਾਵਧਾਨਾਂ ਦਾ ਉਲੰਘਣ ਕਰਦਾ ਹੈ।

(v) ਤਮਿਲਨਾਡੂ ਸੋਧ ਅਧਿਨਿਯਮ, ਉਸ ਮਾਮਲੇ ਵਿੱਚ ਬਣਾਏ ਗਏ ਨਿਯਮਾਂ ਨਾਲ ਪੜ੍ਹਿਆ ਜਾਵੇ, ਤਾਂ ਇਹ ਸਿੱਧੇ ਤੌਰ ਤੇ ਏ. ਨਾਗਰਾਜਾ ਦੇ ਫੈਸਲੇ ਦੇ ਅਨੁਪਾਤ ਅਤੇ ਇਸ ਅਦਾਲਤ ਦੁਆਰਾ 16 ਨਵੰਬਰ 2016 ਨੂੰ ਦਿੱਤੇ ਗਏ ਫੈਸਲੇ ਦੇ ਖਿਲਾਫ ਨਹੀਂ ਹੈ, ਜਿਸ ਵਿੱਚ ਏ. ਨਾਗਰਾਜਾ ਦੇ ਫੈਸਲੇ ਦੀ ਸਮੀਖਿਆ ਦੀ ਬੇਨਤੀ ਨੂੰ ਰੱਦ ਕੀਤਾ ਗਿਆ ਸੀ, ਕਿਉਂਕਿ ਇਹ ਅਦਾਲਤ ਇਸ ਰਾਏ ਵਿੱਚ ਹੈ ਕਿ ਉਕਤ ਦੋ ਫੈਸਲਿਆਂ ਵਿੱਚ ਦੱਸੀਆਂ

ਗਈਆਂ ਖਾਮੀਆਂ ਨੂੰ ਰਾਜ ਸੋਧ ਅਧਿਨਿਯਮ ਨਾਲ ਨਿਯਮਾਂ ਨੂੰ ਬਣਾ ਕੇ ਦੂਰ ਕੀਤਾ ਗਿਆ ਹੈ। (ਪੈਰਾ 40)

9. ਇਸ ਅਦਾਲਤ ਦਾ ਫੈਸਲਾ ਤਾਮਿਲਨਾਡੂ ਸੋਧ ਅਧਿਨਿਯਮ ਤੇ ਮਹਾਰਾਸ਼ਟਰ ਅਤੇ ਕਰਨਾਟਕ ਸੋਧ ਅਧਿਨਿਯਮਾਂ ਤੇ ਵੀ ਮਾਰਗ ਦਰਸ਼ਨ ਕਰੇਗਾ ਅਤੇ ਇਹ ਅਦਾਲਤ ਤਿੰਨੋਂ ਸੋਧ ਅਧਿਨਿਯਮਾਂ ਨੂੰ ਵੈਧ ਵਿਧਾਇਕ ਕਰਾਰ ਦਿੰਦੀ ਹੈ। (ਪੈਰਾ 41)

ਪਸ਼ੂ ਭਲਾਈ ਬੋਰਡ ਆਫ਼ ਇੰਡੀਆ ਬਨਾਮ *ਏ. ਨਾਗਰਜਾ ਅਤੇ ਹੋਰ* (2014) 7 **ਐਸ ਸੀ ਸੀ** 547 : **[**2014**]** 6 **ਐਸ ਸੀ ਆਰ** 646; *ਗ੍ਰਾਮ ਪੰਚਾਇਤ ਆਫ਼ ਵਿਲੇਜ ਜਮਾਲਪੁਰ* ਬਨਾਮ *ਮਾਲਵਿੰਦਰ ਸਿੰਘ ਅਤੇ ਹੋਰ* (1985) 3 **ਐਸ ਸੀ ਸੀ** 66। : **[**1985**]** 2 **ਸਪਲੀਮੈਂਟ ਐਸ ਸੀ ਆਰ** 28**ਸ** *ਹੋਚਸਟ ਫਾਰਮਾਸਿਊਟੀਕਲਸ ਲਿਮਟਿਡ ਅਤੇ ਹੋਰ* ਬਨਾਮ *ਬਿਹਾਰ ਰਾਜ ਅਤੇ ਹੋਰ* (1983) 4 **ਐਸ ਸੀ ਸੀ** 45 : **[**1983**]** 3 **ਐਸ ਸੀ ਆਰ** 130; *ਸ਼੍ਰੀ ਪ੍ਰਿਥਵੀ ਕਪਾਹ ਮਿਲਜ਼ ਲਿਮਟਿਡ ਅਤੇ ਇਕ ਹੋਰ* ਬਨਾਮ *ਬ੍ਰੋਚ ਬਰੋ ਮਿਉਂਸਪੈਲਟੀ ਅਤੇ ਹੋਰ* (1969) 2 **ਐਸ ਸੀ ਸੀ** 283 : **[**1970**]** 1 **ਐਸ ਸੀ ਆਰ** 388; *ਭੁਬਨੇਸ਼ਵਰ ਸਿੰਘ ਅਤੇ ਇਕ ਹੋਰ* ਬਨਾਮ *ਭਾਰਤ ਦਾ ਸੰਘ ਅਤੇ ਹੋਰ* (1994) 6 **ਐਸ ਸੀ ਸੀ** 77 : **[**1994**]** 1 **ਸਪਲੀਮੈਂਟ ਐਸ ਸੀ ਆਰ** 639; *ਇੰਦਰਾ ਸਾਹਨੀ* ਬਨਾਮ *ਭਾਰਤ ਦਾ ਸੰਘ ਅਤੇ ਹੋਰ* (2000) 1 **ਐਸ ਸੀ ਸੀ** 168 : **[**1999**]** 5 **ਸਪਲੀਮੈਂਟ ਐਸ ਸੀ ਆਰ** 229; *ਅਮਰੇਂਦਰ ਕੁਮਾਰ ਮੋਹਾਪਾਤਰਾ ਅਤੇ ਦੂਸਰੇ* ਬਨਾਮ *ਉੜੀਸਾ ਰਾਜ ਅਤੇ ਹੋਰ* (2014) 4 **ਐਸ ਸੀ ਸੀ** 583 : **(**2014**)** 2 **ਐਸ ਸੀ ਆਰ** 1031; *ਐਮ.ਪੀ. ਰਾਜ* ਬਨਾਮ *ਮਹਾ ਲਕਸ਼ਮੀ ਫੈਬਰਿਕ ਮਿਲਜ਼ ਲਿਮਟਿਡ ਅਤੇ ਹੋਰ* 1995 **ਸਪਲੀਮੈਂਟ** (1) **ਐਸ ਸੀ ਸੀ** 642 : (1995) 1 **ਐਸ ਸੀ ਆਰ** 756; *ਡੀ. ਸੀ. ਵਧਵਾ ਡਾ ਅਤੇ ਹੋਰ* ਬਨਾਮ *ਬਿਹਾਰ ਰਾਜ ਅਤੇ ਹੋਰ* (1987) 1 **ਐਸ ਸੀ ਸੀ** 378 : (1987) 1 **ਐਸ ਸੀ ਆਰ** 798; *ਸ਼੍ਰੀ ਸ਼੍ਰੀ ਸ਼੍ਰੀ ਕੇ. ਸੀ. ਗਜਾਪਤੀ ਨਰਾਇਣ ਦਿਓ* ਬਨਾਮ *ਉੜੀਸਾ ਰਾਜ* (1954) **ਐਸ ਸੀ ਆਰ** 1; *ਐਸ.ਐਸ. ਬੋਲਾ ਅਤੇ ਹੋਰ* ਬਨਾਮ *ਬੀ. ਡੀ. ਸਰਦਾਨਾ ਅਤੇ ਹੋਰ* (1997) 8 **ਐਸ ਸੀ ਸੀ** 522 : (1997) 2 **ਸਪਲੀਮੈਂਟ ਐਸ ਸੀ ਆਰ** 507; *ਤਾਮਿਲਨਾਡੂ ਰਾਜ* ਬਨਾਮ *ਕੇਰਲਾ*

ਰਾਜ ਅਤੇ ਇਕ ਹੋਰ (2014) 12 **ਐਸ ਸੀ ਸੀ** 696 : (2014) 12 **ਐਸ ਸੀ ਆਰ** 875; *ਮਦਨ ਮੋਹਨ ਪਾਠਕ ਅਤੇ ਇਕ ਹੋਰ* ਬਨਾਮ *ਯੂਨੀਅਨ ਆਫ ਇੰਡੀਆ ਅਤੇ ਹੋਰ* (1978) 2 **ਐਸ ਸੀ ਸੀ** 50 : (1978॥ 3 **ਐਸ ਸੀ ਆਰ** 334; *ਰਾਸ਼ਟਰੀ ਖੇਤੀਬਾੜੀ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ ਲਿਮਟਿਡ ਅਤੇ ਇਕ ਹੋਰ* ਬਨਾਮ *ਯੂਨੀਅਨ ਆਫ ਇੰਡੀਆ ਅਤੇ ਹੋਰ* (2003) 5 **ਐਸ ਸੀ ਸੀ** 23 (2003) 3 **ਐਸ ਸੀ ਆਰ** 1; *ਇਨ ਰੀ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ,* 2004 (2017) 1 **ਐਸ ਸੀ ਸੀ** 121 : (2016) 11 **ਐਸ ਸੀ ਆਰ** 15; *ਮਫਤਲਾਲ ਇੰਡਸਟਰੀਜ਼ ਲਿਮਟਿਡ ਅਤੇ ਦੂਸਰੇ* ਬਨਾਮ *ਭਾਰਤ ਦਾ ਸੰਘ ਅਤੇ ਹੋਰ* (1997) 5 **ਐਸ ਸੀ ਸੀ** 29 536 : (1996) 10 **ਸਪਲੀਮੈਂਟ ਐਸ ਸੀ ਆਰ** 585; *ਐਸ. ਟੀ ਸਾਦਿਕ* ਬਨਾਮ *ਕੇਰਲਾ ਰਾਜ ਅਤੇ ਹੋਰ* (2015) 4 **ਐਸ ਸੀ ਸੀ** 400 : (2015) 3 **ਐਸ ਸੀ ਆਰ** 287; *ਏ.ਆਰ. ਐਂਤੁਲੇ* ਬਨਾਮ *ਆਰ.ਐੱਸ. ਨਾਇਕ ਅਤੇ ਇਕ ਹੋਰ* (1988) 2 **ਐਸ ਸੀ ਸੀ** 602 : (1988) 1 **ਸਪਲੀਮੈਂਟ ਐਸ ਸੀ ਆਰ** 1; *ਮੇਨਕਾ ਗਾਂਧੀ* ਬਨਾਮ *ਭਾਰਤ ਦੀ ਯੂਨੀਅਨ ਅਤੇ ਇਕ ਹੋਰ* (1978) 1 **ਐਸ ਸੀ ਸੀ** 248 : (1978) 2 **ਐਸ ਸੀ ਆਰ** 621; *ਮੁੱਖ ਸਕੱਤਰ, ਚੈਨਈ, ਤਾਮਿਲਨਾਡੂ ਸਰਕਾਰ ਅਤੇ ਹੋਰ* ਬਨਾਮ *ਪਸ਼ੂ ਭਲਾਈ ਬੋਰਡ ਅਤੇ ਇਕ ਹੋਰ* (2017) 2 **ਐਸ ਸੀ ਸੀ** 144 : (2016) 8 **ਐਸ ਸੀ ਆਰ** 477; *ਰੂਪਾ ਅਸ਼ੋਕ ਹੁਰਾ* ਬਨਾਮ *ਅਸ਼ੋਕ ਹੁਰਾ ਅਤੇ ਇਕ ਹੋਰ* (2002) 4 **ਐਸ ਸੀ ਸੀ** 388 : (2002) 2 **ਐਸ ਸੀ ਆਰ** 1006; *ਬਿਹਾਰ ਰਾਜ ਅਤੇ ਹੋਰ* ਬਨਾਮ *ਭਾਰਤੀ ਐਲਮੀਨੀਅਮ ਕੰਪਨੀ ਅਤੇ ਹੋਰ* (1997) 8 **ਐਸ ਸੀ ਸੀ** 360 : (1997) 4 **ਸਪਲੀਮੈਂਟ ਐਸ. ਸੀ. ਆਰ** 222; *ਐਮ. ਕਰੁਨਾਨਿਧੀ* ਬਨਾਮ *ਭਾਰਤ ਦਾ ਸੰਘ ਅਤੇ ਇਕ ਹੋਰ* (1979) 3 **ਐਸ ਸੀ ਸੀ** 431 : (1979) 3 **ਐਸ ਸੀ ਆਰ** 254; *ਕੇ.ਟੀ. ਪਲਾਂਟੇਸ਼ਨ ਪ੍ਰਾਈਵੇਟ ਲਿਮਟਿਡ ਅਤੇ ਇਕ ਹੋਰ* ਬਨਾਮ *ਕਰਨਾਟਕ ਰਾਜ* (2011) 9 **ਐਸ ਸੀ ਸੀ** 1 : (2011) 13 **ਐਸ ਸੀ ਆਰ** 636; *ਸਿੱਖਿਆ ਦੇ ਡਾਇਰੈਕਟਰ (ਸੈਕੰਡਰੀ) ਅਤੇ ਇਕ ਹੋਰ* ਬਨਾਮ *ਪੁਸ਼ਪੇਂਦਰਾ ਕੁਮਾਰ ਅਤੇ ਹੋਰ* (1998) 5 **ਐਸ ਸੀ ਸੀ** 192 : (1998) 3 **ਐਸ ਸੀ ਆਰ** 432; *ਹਰਬਿਲਾਸ*

ਰਾਏ ਬਾਂਸਲ ਬਨਾਮ *ਪੰਜਾਬ ਦਾ ਰਾਜ ਅਤੇ ਇਕ ਹੋਰ* (1996) 1 **ਐਸ ਸੀ ਸੀ** 1 : (1995) 6 **ਸਪਲੀਮੈਂਟ ਐਸ ਸੀ ਆਰ** 178; *ਗੁਜਰਾਤ ਰਾਜ ਅਤੇ ਇਕ ਹੋਰ* ਬਨਾਮ *ਰਮਨ ਲਾਲ ਕੇਸ਼ਵ ਲਾਲ ਸੋਨੀ ਅਤੇ ਹੋਰ* (1983) 2 **ਐਸ ਸੀ ਸੀ** 33 : (1983) 2 **ਐਸ ਸੀ ਆਰ** 287; *ਸ਼ਾਯਰਾ ਬਾਨੋ* ਬਨਾਮ *ਭਾਰਤ ਦਾ ਸੰਘ ਅਤੇ ਹੋਰ* (2017) 9 **ਐਸ ਸੀ ਸੀ** 1 : (2017) 9 **ਐਸ ਸੀ ਆਰ** 797; *ਨਰਾਇਣ ਦੱਤ ਭੱਟੀ* ਬਨਾਮ *ਭਾਰਤ ਦਾ ਸੰਘ* (2018) **ਐਸ ਸੀ ਸੀ ਆਨਲਾਈਨ ਯੂ ਟੀ** 645; *ਸੌਰਭ ਚੌਧਰੀ ਅਤੇ ਹੋਰ* ਬਨਾਮ *ਭਾਰਤ ਦਾ ਸੰਘ ਅਤੇ ਹੋਰ* (2003) 11 **ਐਸ ਸੀ ਸੀ** 146 : (2003) 5 **ਸਪਲੀਮੈਂਟ ਐਸ ਸੀ ਆਰ** 152; *ਆਂਧਰਾ ਪ੍ਰਦੇਸ਼ ਦਾ ਮੁੱਖ ਜਸਟਿਸ ਅਤੇ ਹੋਰ* ਬਨਾਮ ਐਲ. ਵੀ. ਏ. *ਦਿਕਸਲੂ ਅਤੇ ਹੋਰ* (1979) 2 **ਐਸ ਸੀ ਸੀ** 34 : (1979) 1 **ਐਸ ਸੀ ਆਰ** 26; *ਵੀਡੀਓ ਇਲੈਕਟ੍ਰਾਨਿਕਸ ਪ੍ਰਾਈਵੇਟ ਲਿਮਟਿਡ ਅਤੇ ਇਕ ਹੋਰ* ਬਨਾਮ *ਪੰਜਾਬ ਰਾਜ ਅਤੇ ਇਕ ਹੋਰ* (1990) 3 **ਐਸ ਸੀ ਸੀ** 87 : (1989) 2 **ਸਪਲੀਮੈਂਟ ਐਸ ਸੀ ਆਰ** 731; *ਅਸ਼ੋਕ ਕੁਮਾਰ ਗੁਪਤਾ ਅਤੇ ਇਕ ਹੋਰ* ਬਨਾਮ *ਸਟੇਟ ਆਫ ਯੂ.ਪੀ. ਅਤੇ ਹੋਰ* (1997) 5 **ਐਸ ਸੀ ਸੀ** 201 : (1997) 3 **ਐਸ ਸੀ ਆਰ** 269; *ਸਟੇਟ ਆਫ ਯੂ.ਪੀ. ਅਤੇ ਹੋਰ* ਬਨਾਮ *ਬਾਬੂ ਰਾਮ ਉਪਾਧਿਆਏ* (1961) 2 **ਐਸ ਸੀ ਆਰ** 679; *ਪੀਅਰਲੈਸ ਜਨਰਲ ਫਾਇਨਾਂਸ ਅਤੇ ਇਨਵੈਸਟਮੈਂਟ ਕੰਪਨੀ ਲਿਮਟਿਡ ਅਤੇ ਇਕ ਹੋਰ* ਬਨਾਮ *ਰਿਜ਼ਰਵ ਬੈਂਕ ਆਫ ਇੰਡੀਆ* (1992) 2 **ਐਸ ਸੀ ਸੀ** 343 : (1992) 1 **ਐਸ ਸੀ ਆਰ** 406; *ਰਾਜਸਥਾਨ ਰਾਜ* ਬਨਾਮ *ਸ਼੍ਰੀ ਜੀ. ਚਾਵਲਾ ਅਤੇ ਡਾ. ਪੋਹੂਮਲ* (1959) **ਸਪਲੀਮੈਂਟ** (1) **ਐਸ ਸੀ ਆਰ** 904; *ਇਸ਼ਵਰੀ ਖੇਤਾਨ ਸ਼ੂਗਰ ਮਿੱਲ (ਪੀ) ਲਿਮਟਿਡ ਅਤੇ ਹੋਰ* ਬਨਾਮ *ਸਟੇਟ ਆਫ ਯੂ.ਪੀ. ਅਤੇ ਹੋਰ* (1980) 4 **ਐਸ ਸੀ ਸੀ** 136 : (1980) 3 **ਐਸ ਸੀ ਆਰ** 331; *ਫੈਡਰੇਸ਼ਨ ਆਫ ਹੋਟਲ ਐਂਡ ਰੈਸਟੋਰੈਂਟ ਐਸੋਸੀਏਸ਼ਨ ਭਾਰਤ, ਆਦਿ* ਬਨਾਮ *ਭਾਰਤ ਦਾ ਸੰਘ ਅਤੇ ਹੋਰ* (1989) 3 **ਐਸ ਸੀ ਸੀ** 634 : (1989) 2 **ਐਸ ਸੀ ਆਰ** 918; *ਏ. ਪੀ. ਰਾਜ ਅਤੇ ਹੋਰ* ਬਨਾਮ *ਮੈਕਡਾਵਲ ਐਂਡ ਕੰਪਨੀ ਅਤੇ ਹੋਰ* (1996) 3 **ਐਸ ਸੀ ਸੀ** 709 : (1996) 3 **ਐਸ ਸੀ ਆਰ** 721; *ਵੈਸਟ ਬੰਗਾਲ ਰਾਜ* ਬਨਾਮ *ਕੇਸੋਰਾਮ ਇੰਡਸਟਰੀਜ਼ ਲਿਮਟਿਡ*

ਅਤੇ ਹੋਰ (2004) 10 ਐਸ ਸੀ ਸੀ 201 : (2004) 1 ਐਸ ਸੀ ਆਰ 564; *ਆਈ.ਐਨ. ਸਕਸੇਨਾ* ਬਨਾਮ *ਮੱਧ ਪ੍ਰਦੇਸ਼ ਰਾਜ* (1976) 4 ਐਸ ਸੀ ਸੀ 750 : (1976) 3 ਐਸ ਸੀ ਆਰ 237; *ਟੀ.ਐੱਨ. ਗੌਦਾਵਰਮਨ ਥੀਰਮਲਪਾਦ* ਬਨਾਮ *ਭਾਰਤ ਸੰਘ ਅਤੇ ਹੋਰ* (2012) 4 ਐਸ ਸੀ ਸੀ 362 : (2012) 1 ਐਸ ਸੀ ਆਰ 923; *ਸੈਂਟਰ ਫਾਰ ਐਨਵਾਇਰਮੈਂਟਲ ਲਾਅ, ਵਰਲਡ ਵਾਈਡ ਫੰਡ-ਇੰਡੀਆ* ਬਨਾਮ *ਭਾਰਤ ਸੰਘ ਅਤੇ ਹੋਰ* (2013) 8 ਐਸ ਸੀ ਸੀ 234 : (2013) 6 ਐਸ ਸੀ ਆਰ 757; *ਨੈਯਰ ਅਤੇ ਹੋਰ* ਬਨਾਮ *ਭਾਰਤ ਸੰਘ ਅਤੇ ਹੋਰ* (2001) 6 ਐਸ ਸੀ ਸੀ 84 : (2001) 3 ਐਸ ਸੀ ਆਰ 353; *ਈ.ਪੀ. ਰਯੱਪਾ* ਬਨਾਮ *ਸਟੇਟ ਆਫ਼ ਤਾਮਿਲਨਾਡੂ ਅਤੇ ਇਕ ਹੋਰ* (1974) 4 ਐਸ ਸੀ ਸੀ 3 : (1974) 2 ਐਸ ਸੀ ਆਰ 348; *ਅਜੈ ਹਸੀਆ ਅਤੇ ਹੋਰ* ਬਨਾਮ *ਖਾਲਿਦ ਮੁਜੀਬ ਸੇਹਰਾਵਰਦੀ ਅਤੇ ਹੋਰ* (1981) 1 ਐਸ ਸੀ ਸੀ 722 : (1981) 2 ਐਸ ਸੀ ਆਰ 79; *ਜੋਸਫ਼ ਸ਼ਾਈਨ* ਬਨਾਮ *ਭਾਰਤ ਦਾ ਸੰਘ* (2018) 2 ਐਸ ਸੀ ਸੀ 189 ਦਾ ਹਵਾਲਾ ਦਿੱਤਾ.

<u>ਕੇਸ ਲਾਅ ਦਾ ਹਵਾਲਾ</u>

(2014) 6 ਐਸ.ਸੀ.ਆਰ. 646	ਦਾ ਹਵਾਲਾ ਦਿੱਤਾ ਗਿਆ	ਪੈਰਾ 2
(1985) 2 ਸਪਲੀ. ਐਸ.ਸੀ.ਆਰ. 28	ਦਾ ਹਵਾਲਾ ਦਿੱਤਾ ਗਿਆ	ਪੈਰਾ 9
(1983) 3 ਐਸ.ਸੀ.ਆਰ. 130	ਦਾ ਹਵਾਲਾ ਦਿੱਤਾ ਗਿਆ	ਪੈਰਾ 9
(1970) 1 ਐਸ.ਸੀ.ਆਰ 388	ਦਾ ਹਵਾਲਾ ਦਿੱਤਾ ਗਿਆ	ਪੈਰਾ 17
(1994) 1 ਸਪਲੀ. ਐਸ.ਸੀ.ਆਰ. 639	ਦਾ ਹਵਾਲਾ ਦਿੱਤਾ ਗਿਆ	ਪੈਰਾ 17
(1999) 5 ਸਪਲੀ. ਐਸ.ਸੀ.ਆਰ. 229	ਦਾ ਹਵਾਲਾ ਦਿੱਤਾ ਗਿਆ	ਪੈਰਾ 17
(2014) 2 ਐਸ.ਸੀ.ਆਰ. 1031	ਦਾ ਹਵਾਲਾ ਦਿੱਤਾ ਗਿਆ	ਪੈਰਾ 17
(1995) 1 ਐਸ.ਸੀ.ਆਰ. 756	ਦਾ ਹਵਾਲਾ ਦਿੱਤਾ ਗਿਆ	ਪੈਰਾ 17
(1987) 1 ਐਸ.ਸੀ.ਆਰ. 798	ਦਾ ਹਵਾਲਾ ਦਿੱਤਾ ਗਿਆ	ਪੈਰਾ 17
(1954) ਐਸ.ਸੀ.ਆਰ. 1	ਦਾ ਹਵਾਲਾ ਦਿੱਤਾ ਗਿਆ	ਪੈਰਾ 17
(1997) 2 ਸਪਲੀ. ਐਸ.ਸੀ.ਆਰ. 507	ਦਾ ਹਵਾਲਾ ਦਿੱਤਾ ਗਿਆ	ਪੈਰਾ 17
(2014) 12 ਐਸ.ਸੀ.ਆਰ. 875	ਦਾ ਹਵਾਲਾ ਦਿੱਤਾ ਗਿਆ	ਪੈਰਾ 17

(1978) 3 ਐਸ.ਸੀ.ਆਰ. 334 ਦਾ ਹਵਾਲਾ ਦਿੱਤਾ ਗਿਆ ਪੈਰਾ 17
(2003) 3 ਐਸ.ਸੀ.ਆਰ. 1 ਦਾ ਹਵਾਲਾ ਦਿੱਤਾ ਗਿਆ ਪੈਰਾ 17
(2016) 11 ਐਸ.ਸੀ.ਆਰ. 15 ਦਾ ਹਵਾਲਾ ਦਿੱਤਾ ਗਿਆ ਪੈਰਾ 17
(1996) 10 ਸਪਲੀ. ਐਸ.ਸੀ.ਆਰ. 585 ਦਾ ਹਵਾਲਾ ਦਿੱਤਾ ਗਿਆ ਪੈਰਾ 17
(2015) 3 ਐਸ.ਸੀ.ਆਰ. 287 ਦਾ ਹਵਾਲਾ ਦਿੱਤਾ ਗਿਆ ਪੈਰਾ 17
(1988) 1 ਸਪਲੀ. ਐਸ.ਸੀ.ਆਰ. 1 ਦਾ ਹਵਾਲਾ ਦਿੱਤਾ ਗਿਆ ਪੈਰਾ 17
(1978) 2 ਐਸ.ਸੀ.ਆਰ. 621 ਦਾ ਹਵਾਲਾ ਦਿੱਤਾ ਗਿਆ ਪੈਰਾ 17
(2016) 8 ਐਸ.ਸੀ.ਆਰ. 477 ਦਾ ਹਵਾਲਾ ਦਿੱਤਾ ਗਿਆ ਪੈਰਾ 18
(2002) 2 ਐਸ.ਸੀ.ਆਰ. 1006 ਦਾ ਹਵਾਲਾ ਦਿੱਤਾ ਗਿਆ ਪੈਰਾ 18
(1997) 4 ਸਪਲੀ. ਐਸ.ਸੀ.ਆਰ. 222 ਦਾ ਹਵਾਲਾ ਦਿੱਤਾ ਗਿਆ ਪੈਰਾ 19
(1979) 3 ਐਸ.ਸੀ.ਆਰ. 254 ਦਾ ਹਵਾਲਾ ਦਿੱਤਾ ਗਿਆ ਪੈਰਾ 19
(2011) 13 ਐਸ.ਸੀ.ਆਰ. 636 ਦਾ ਹਵਾਲਾ ਦਿੱਤਾ ਗਿਆ ਪੈਰਾ 19
(1998) 3 ਐਸ.ਸੀ.ਆਰ. 432 ਦਾ ਹਵਾਲਾ ਦਿੱਤਾ ਗਿਆ ਪੈਰਾ 20
(1995) 6 ਸਪਲੀ. ਐਸ.ਸੀ.ਆਰ. 178 ਦਾ ਹਵਾਲਾ ਦਿੱਤਾ ਗਿਆ ਪੈਰਾ 20
(1983) 2 ਐਸ.ਸੀ.ਆਰ. 287 ਦਾ ਹਵਾਲਾ ਦਿੱਤਾ ਗਿਆ ਪੈਰਾ 20
(2017) 9 ਐਸ.ਸੀ.ਆਰ. 797 ਦਾ ਹਵਾਲਾ ਦਿੱਤਾ ਗਿਆ ਪੈਰਾ 20
(2003) 5 ਸਪਲੀ. ਐਸ.ਸੀ.ਆਰ. 152 ਦਾ ਹਵਾਲਾ ਦਿੱਤਾ ਗਿਆ ਪੈਰਾ 22
(1979) 1 ਐਸ.ਸੀ.ਆਰ. 26 ਦਾ ਹਵਾਲਾ ਦਿੱਤਾ ਗਿਆ ਪੈਰਾ 22
(1989) 2 ਸਪਲੀ. ਐਸ.ਸੀ.ਆਰ. 731 ਦਾ ਹਵਾਲਾ ਦਿੱਤਾ ਗਿਆ ਪੈਰਾ 22
(1997) 3 ਐਸ.ਸੀ.ਆਰ. 269 ਦਾ ਹਵਾਲਾ ਦਿੱਤਾ ਗਿਆ ਪੈਰਾ 22
(1961) 2 ਐਸ.ਸੀ.ਆਰ. 679 ਦਾ ਹਵਾਲਾ ਦਿੱਤਾ ਗਿਆ ਪੈਰਾ 28
(1992) 1 ਐਸ.ਸੀ.ਆਰ. 406 ਦਾ ਹਵਾਲਾ ਦਿੱਤਾ ਗਿਆ ਪੈਰਾ 28
(1959) ਸਪਲੀ. (1) ਐਸ.ਸੀ.ਆਰ. 904 ਦਾ ਹਵਾਲਾ ਦਿੱਤਾ ਗਿਆ ਪੈਰਾ 33
(1980) 3 ਐਸ.ਸੀ.ਆਰ. 331 ਦਾ ਹਵਾਲਾ ਦਿੱਤਾ ਗਿਆ ਪੈਰਾ 33
(1989) 2 ਐਸ.ਸੀ.ਆਰ. 918 ਦਾ ਹਵਾਲਾ ਦਿੱਤਾ ਗਿਆ ਪੈਰਾ 33
(1996) 3 ਐਸ.ਸੀ.ਆਰ. 721 ਦਾ ਹਵਾਲਾ ਦਿੱਤਾ ਗਿਆ ਪੈਰਾ 33
(2004) 1 ਐਸ.ਸੀ.ਆਰ. 564 ਦਾ ਹਵਾਲਾ ਦਿੱਤਾ ਗਿਆ ਪੈਰਾ 33
(1976) 3 ਐਸ.ਸੀ.ਆਰ. 237 ਦਾ ਹਵਾਲਾ ਦਿੱਤਾ ਗਿਆ ਪੈਰਾ 34
(2012) 1 ਐਸ.ਸੀ.ਆਰ. 923 ਦਾ ਹਵਾਲਾ ਦਿੱਤਾ ਗਿਆ ਪੈਰਾ 36

(2013) 6 ਐਸ.ਸੀ.ਆਰ. 757	ਦਾ ਹਵਾਲਾ ਦਿੱਤਾ ਗਿਆ	ਪੈਰਾ 36
(2001) 3 ਐਸ.ਸੀ.ਆਰ. 353	ਦਾ ਹਵਾਲਾ ਦਿੱਤਾ ਗਿਆ	ਪੈਰਾ 36
(1974) 2 ਐਸ.ਸੀ.ਆਰ. 348	ਦਾ ਹਵਾਲਾ ਦਿੱਤਾ ਗਿਆ	ਪੈਰਾ 37
(1981) 2 ਐਸ.ਸੀ.ਆਰ. 79	ਦਾ ਹਵਾਲਾ ਦਿੱਤਾ ਗਿਆ	ਪੈਰਾ 37
(2018) 2 ਐਸ.ਸੀ.ਸੀ. 189	ਦਾ ਹਵਾਲਾ ਦਿੱਤਾ ਗਿਆ	ਪੈਰਾ 37

ਸਿਵਲ ਮੂਲ ਅਧਿਕਾਰ ਖੇਤਰ : ਰਿੱਟ ਪਟੀਸ਼ਨ (ਸਿਵਲ) ਨੰਬਰ 23 ਆਫ਼ 2016।

(ਭਾਰਤ ਦੇ ਸੰਵਿਧਾਨ ਦੇ ਅਨੁਛੇਦ 32 ਅਧੀਨ)

ਨਾਲ

ਰਿੱਟ ਪਟੀਸ਼ਨ (ਸਿਵਲ) ਨੰਬਰ 6, 10 ਆਫ਼ 2018, ਸਿਵਲ ਅਪੀਲ ਨੰਬਰ 3849 ਆਫ਼ 2023, ਰਿੱਟ ਪਟੀਸ਼ਨ (ਸਿਵਲ) ਨੰਬਰ 1193 ਆਫ਼ 2017, 1152 ਆਫ਼ 2018, 24, 25, 26, 27, 88 ਆਫ਼ 2016, 1011, 1059, 1188 ਆਫ਼ 2017, ਟ੍ਰਾਂਸਫਰਡ ਕੇਸ ਨੰਬਰ 60 ਆਫ਼ 2021।

ਤੁਸ਼ਾਰ ਮਹਿਤਾ ਐਸ.ਜੀ., ਕੇ. ਐਮ. ਨਟਰਾਜ, ਮਿਸ ਐਸ਼ਵਰਿਆ ਭੱਟੀ ਏ.ਐਸ.ਜੀ., ਨਿਖਿਲ ਗੋਇਲ ਏ.ਏ.ਜੀ., ਐਸ. ਨਾਗਾਮੁਥੂ, ਵੀ. ਗਿਰੀ, ਮੁਕਲ ਰੋਹਤਗੀ, ਕ੍ਰਿਸ਼ਨਨ ਵੇਨੂਗੋਪਾਲ, ਸਿਧਾਰਥ ਲੂਥਰਾ, ਡਾ. ਮਨੀਸ਼ ਸਿੰਘਵੀ, ਸ਼ਿਆਮ ਦੀਵਾਨ, ਆਨੰਦ ਗਰੋਵਰ, ਐਨ. ਆਰ. ਐਲਂਗੋ, ਵੀ. ਕੇ. ਖੰਨਾ, ਮਿਸ ਮਹਾਂਲਕਸ਼ਮੀ ਪਵਾਨੀ, ਕਪਿਲ ਸਿਬਲ, ਰਾਕੇਸ਼ ਦਿਵੇਦੀ, ਕੋਮਲ ਮਹਿਤਾ, ਜੈਅੰਥ ਮੁਥ ਰਾਜ, ਨਾਗਾਮੁਥੂ, ਸੀਨੀਅਰ ਐਡਵੋਕੇਟ, ਸੀ. ਪਰਮਾਸਿਵਮ, ਵਾਈ. ਅਰੁਣਾਗਿਰੀ, ਐਮ. ਪੀ. ਪਰਮਾਸਿਵਮ, ਰਾਕੇਸ਼ ਕੇ. ਸ਼ਰਮਾ, ਏ. ਐਸ. ਵੈਰਾਵਨ ਸ਼ਿਵਾ, ਆਰ. ਸੁਧਾਕਰਨ, ਜੀ. ਆਰ. ਵਿਕਾਸ਼, ਮਿਸ ਸ਼ਾਲੀਨੀ ਮਿਸ਼ਰਾ, ਡੀ. ਸੁਬਰਾਮਾਨਯ ਭਾਨੂੰ, ਪੀ. ਆਰ. ਕੋਵਿਲਨ ਪੋਂਗਕੁੰਟਰਨ, ਮਿਸ ਗੇਥਾ ਕੋਵਿਲਨ, ਮਿਸ ਜੁਬਲੀ ਮੋਮਾਲੀਆ, ਸੁਮਿਤ ਅਤਰੀ, ਰਿਤੂ ਆਨੰਦ ਵਿਸ਼ਵਕਰਮਾ, ਮਿਸ ਈਸ਼ਾ ਦੱਤਾ, ਵਿਵੇਕ ਕੁਮਾਰ, ਮੈਸਰਜ਼ ਸਿਰਿਲ ਅਮਰਚੰਦ ਮੰਗਲਦਾਸ, ਡੀ. ਕੁਮਾਨਨ, ਸ਼ੇਖ ਐਫ. ਕਾਲੀਆ, ਮਿਸ ਅਨੁਸ਼ਾ ਨਾਗਾਰਾਜਨ ਐਯਰ, ਮਿਸ ਰੁਪਾਲੀ ਸਮੂਲ, ਮਿਸ ਰਿਸ਼ਭ ਦੀਵਾਨ ਪਾਰਿਖ, ਸੁਬੋਧ ਐਸ. ਪਾਟਿਲ, ਅਜੇ ਸਿੰਘ, ਲੋਕੇਸ਼ ਕੁਮਾਰ ਚੌਧਰੀ, ਰਾਮ ਕੁਮਾਰ, ਮਿਸ ਸੁਪ੍ਰਿਆ ਦੇਸ਼ਪਾਂਡੇ, ਮਿਸ ਸੁਪ੍ਰਿਆ ਜੁਨੇਜਾ, ਕ੍ਰਿਸ਼ਨਨ ਅਗਰਵਾਲ, ਮਿਸ ਦੀਪਾਂਸ਼ੀ ਈਸ਼ਰ, ਮਿਸ ਪਲਵੀ ਸ਼੍ਰੀਵਾਸਤਵਾ, ਮਿਸ ਪ੍ਰਿਥਾ

ਸ਼੍ਰੀਕੁਮਾਰ, ਆਸਿਫ ਅਹਿਮਦ, ਅਕਸ਼ਤ ਕੁਮਾਰ, ਮਿਸ ਮਾਨਸਵਿਨੀ ਜੈਨ, ਅਭਿਉਦਯਾ ਸ਼ਿਸ਼ੋਦੀਆ, ਕਰਨਵੀਰ ਗੋਗੀਆ, ਕੁਸ਼ਾਗਰਾ ਰਘੁਵੰਸ਼ੀ, ਆਯੁਸ਼ ਕੌਸ਼ਿਕ, ਮਿਸ ਸੁਪ੍ਰਿਆ ਜੁਨੇਜਾ, ਮਿਸ ਅਪਰਨਾ ਭਟ, ਮਿਸ ਕਰਿਸ਼ਮਾ ਮਾਰੀਆ, ਬਲੇਂਦੂ ਸ਼ੇਖਰ, ਕਾਨੂ ਅਗਰਵਾਲ, ਦੇਵਸ਼ੀਸ਼ ਬਰੁਕਾ, ਸ਼ਮਿਕ ਸਾਨਨਵਾਲਾ, ਬਾਲਾਜੀ ਸ਼੍ਰੀਨਿਵਾਸਨ, ਮਨਵੇਂਦਰਾ ਸਿੰਘ ਰਾਠੌੜ, ਅਮੋਘਾਵਿਕ੍ਰਮਾ ਥਾਨਵੀ, ਮਿਸ ਸਵਾਤੀ ਘਿਲਦਿਆਲ, ਮਿਸ ਸਮਿਕਸ਼ਾ ਅੰਜਾਨਵਾਲਾ, ਪੱਦਮੇਸ਼ ਮਿਸ਼ਰਾ, ਅਮਰੀਸ਼ ਕੁਮਾਰ, ਅਰਵਿੰਦ ਕੁਮਾਰ ਸ਼ਰਮਾ, ਗੁਰਮੀਤ ਸਿੰਘ ਮਕੜ, ਮਨੀਸ਼ ਸ਼ਰਮਾ, ਨੀਰਜ ਸ਼ਰਮਾ, ਆਦਿਯਤਾ ਅਨਿਰੁਧ ਪਾਂਡੇ, ਡੀ.ਕੇ. ਦੀਵੇਸ਼, ਅਰਪਿਤ ਪਰਕਾਸ਼, ਵਿਕਲਪ ਸ਼ਰਮਾ, ਸਚਿਨ ਪਾਟਿਲ, ਜੀਓ ਜੋਸਫ, ਰਿਸਵੀ ਮੁਹੰਮਦ, ਦੁਰਗੇਸ਼ ਗੁਪਤਾ, ਮਿਸ ਪ੍ਰਿਥਾ ਸ਼੍ਰੀਕੁਮਾਰ, ਸੁਦੀਪਤੋ ਸਰਕਾਰ, ਮਿਸ ਰੀਆ ਸਿੰਘ ਸਾਹਨੀ, ਸੌਰਭ ਚੌਧਰੀ, ਮਿਸ ਅਰੂਨੀਮਾ ਕੇਦੀਆ, ਮਿਸ ਐਨ ਮੈਥਿਊ, ਪੀ. ਵੀ. ਯੋਗਸਵਰਨ, ਅਸ਼ੀਸ਼ ਕੁਮਾਰ ਉਪਾਧਿਆਏ, ਵਾਈ. ਲੋਕੇਸ਼, ਵੀ. ਸਿਬੀ ਕਾਰਗਿਲ, ਵੀ. ਕੰਧਾ ਪ੍ਰਭੂ, ਐਲ. ਆਰ. ਵੈਂਕੇਟਸਨ, ਮਿਸ ਮੈਤਰੀ ਗੋਲ, ਮਿਸ ਪ੍ਰਿਯੰਕਾ ਚੌਧਰੀ, ਹੇਮੰਤ ਕੁਮਾਰ ਨਿਰੰਜਨ, ਸਚਿਨ ਕੁਮਾਰ ਵਰਮਾ, ਮਿਸ ਯਕੀਨ ਬਿਸ਼ੋਈ, ਸੱਤਯਮ ਥਰੇਜਾ, ਮਿਸ ਵਾਰਨਿਕਾ ਸਿੰਘ, ਮਿਸ ਦੀਕਸ਼ਾ ਅਗਰਵਾਲ, ਪਰਤੀਕ ਕੁੰਡੂ, ਰੋਹਿਨ ਭੱਟ, ਰਾਹੁਲ ਕੁਮਾਰ, ਪੁਰਸ਼ੋਤਮ ਸ਼ਰਮਾ ਤ੍ਰਿਪਾਠੀ, ਮਿਸ ਮਨੀਸ਼ਾ ਟੀ. ਕਰਿਆ, ਆਦਰਸ਼ ਕੁਮਾਰ, ਅਦਿਤਯਾ ਕੇਸਰ, ਮਿਸ ਨਿਧੀ ਨਾਗਪਾਲ, ਵਿਕਰਮ ਚੰਦਰਾਵੰਸ਼ੀ, ਡਾ. ਆਰ. ਆਰ. ਦੇਸ਼ਪਾਂਡੇ, ਅਮਿਤ ਅਨੰਦ ਤਿਵਾੜੀ, ਮਿਸ ਸ਼ਕੁਨ ਸ਼ਰਮਾ, ਮਿਸ ਦੇਵਯਾਨੀ ਗੁਪਤਾ, ਮਿਸ ਸੌਸ਼ਰੀਆ ਹਵੇਲੀਆ, ਮਿਸ ਤਨਵੀ ਆਨੰਦ, ਅਨੰਦ ਦਲੀਪ ਲੰਡਗੇ, ਹਿਤੇਸ਼ ਕੁਮਾਰ ਸ਼ਰਮਾ, ਐਸ. ਕੇ. ਰਾਜੋਰਾ, ਅਖਿਲੇਸ਼ਵਰ ਝਾਅ, ਮਿਸ ਨਿਹਾਰਿਕਾ ਦਿਵੇਦੀ, ਮਿਸ ਸ਼ਵੇਤਾ ਸੈਂਡ, ਨਰੇਂਦਰ ਪਾਲ ਸ਼ਰਮਾ, ਅਨੁਭਵ ਗੁਪਤਾ, ਸੀ. ਐਮ. ਝਾਅ, ਅਨਿਲ ਕੁਮਾਰ ਮਿਸ਼ਰਾ-1, ਅਨਿਲ ਕੁਮਾਰ ਮਿਸ਼ਰਾ, ਐਮ. ਯੋਗੇਸ਼ ਕੰਨਾ, ਮਾਯਿਲ ਸੈਮੀ ਕੇ., ਜੀ. ਅਨੰਦਸੇਲਵਮ, ਡਾ. ਰਾਮ ਸੰਕਰ, ਡਾ. ਗਾਇਥਰੀ ਏ. ਐਸ., ਐਸ. ਜੇ. ਅਮਿਥ, ਸੰਚਿਤ ਮਹੇਸ਼ਵਰੀ, ਪੀ. ਸੋਮਾ ਸੁੰਦਰਮ, ਕੇ. ਕੁਮਾਰਨ, ਕੇ. ਮੁਥੂ ਗਣੇਸ਼ਾ ਪਾਂਡਿਅਨ, ਕਬੀਲਨ ਮਨੋਹਰਨ, ਕੇ. ਵਿਜੇ ਆਨੰਦ, ਵੀ. ਪਵੇਲ, ਏ. ਸੰਥਾਕੁਮਾਰਨ, ਅੰਕੁਰ ਐਸ. ਕੁਲਕਰਨੀ, ਮਿਸ ਪੁਸਪਿਤਾ ਬਾਸਕ, ਮਿਸ ਪ੍ਰਿਯੰਕਾ ਚੌਧਰੀ, ਬਿਜਨ ਕੁਮਾਰ ਘੋਸ਼, ਰਾਵਿੰਦਰ ਕੇਸ਼ਵਰਾਓ ਅਦਸੁਰੇ, ਗੋਪਾਲ ਬਲਵੰਤ ਸਾਠੇ, ਯਸ਼ ਪ੍ਰਸ਼ਾਂਤ ਸੋਨਾਵਾਨੇ, ਮਿਸ ਸਾਕਸ਼ੀ ਅਜੀਤ ਕਾਲੇ, ਰੋਹਨ ਦਰਾਦੇ, ਵੀ. ਐਨ. ਰਾਘੁਪਥੀ, ਅਦੀਤਿਆ ਰੋਆਏ, ਮੈਨੇਂਦਰ ਪਾਲ ਗੁਪਤਾ, ਮੁਹੰਮਦ ਅਪਜ਼ਲ ਅੰਸਾਰੀ, ਸੀ. ਰਵੀਚੰਦਰਨ ਐਯਰ, ਰੀਗਨ ਐਸ. ਬੈਲ, ਸੀ. ਐਮ. ਸੁੰਦਰਮ ਐਯਰ, ਕੀਰਥੀ ਪ੍ਰਿਯਨ, ਐਨ. ਰਾਜਰਮਨ, ਵਿਸ਼ਨੂੰ

ਸ਼ਰਮਾ, ਰਕੇਸ਼ ਕੇ. ਸ਼ਰਮਾ, ਟੋਮੀ ਚਾਕੋ, ਨੀਲੈਸਵਰ ਪਾਵਾਨੀ, ਮਿਸ ਸ਼ੌਰਯਾ ਮਿਸ਼ਰਾ, ਵਿਭੂਟੀ ਸੁਸ਼ਾਂਤ ਗੁਪਤਾ, ਨਰੇਂਦਰ ਕੁਮਾਰ ਵਰਮਾ, ਐਮ. ਵਾਈ. ਦੇਸ਼ਮੁਖ, ਐਮ. ਥੰਗਾ ਦੁਰਾਈ, ਮਿਸ ਰਚੀਤਾ ਚਵਲਾ, ਏਕਲਵਯਾ ਦਿਵੇਦੀ, ਮਿਸ ਸੰਸਰਿਤੀ ਪਾਠਕ, ਮਿਸ ਮੋਨਿਕਾ ਦਿਵੇਦੀ, ਮਿਸ ਦਿਵਯਾ ਸਿੰਘ, ਕੁਸ਼ਲ ਸਰਕਾਰ, ਵਿਨੋਦ ਕੰਨਾ ਬੀ., ਨਿਸ਼ਾਂਤ ਰਾਮਾਕੰਤਰਾਓ ਕੈਟਨੇਸ਼ਵਰਕਰ, ਸ਼੍ਰੀਮਤੀ ਨਰੇਸ਼ ਬਖਸ਼ੀ, ਅਜੇ ਪਾਲ, ਮਯੰਕ ਦਹੀਆ, ਮਿਸ ਪ੍ਰਿਯੰਕਾ ਸੀ., ਕੁਪਦੀਪ ਸਿੰਘ ਕੁਚਾਲੀਆ, ਸੀ. ਕੇ. ਸਾਸੀ, ਅਬਦੁੱਲਾ ਨਸੀਹ ਵੀ. ਟੀ., ਮਿਸ ਮੀਨਾ ਕੇ. ਪੌਲੋਸ, ਕਬੀਰ ਹਾਥੀ, ਮਿਸ ਜੇਸਲ ਵਾਹੀ, ਆਨੰਦ ਸੰਜੇ ਐਮ. ਨੂਲੀ, ਧਰਮ ਸਿੰਘ, ਸੂਰਜ ਕੌਸ਼ਿਕ, ਨੰਦਾ ਕੁਮਾਰ ਕੇ. ਬੀ., ਸ਼ਿਵ ਸਵਰੂਪ, ਮੈਸਰਜ਼ ਨੂਲੀ ਅਤੇ ਨੂਲੀ, ਰਨਜੇਠ ਮਾਰਰ, ਪ੍ਰਭੂਰਾਮਾ ਸੁਬ੍ਰਾਮਨੀਅਨ, ਰਘੁਨਾਥਾ ਸੇਠੁਪਥੀ ਬੀ, ਕਰੁਪਯਾਹ ਮੀਯੈਪਨ, ਮਿਸ ਕਨਿਕਾ ਕੇ., ਮਿਸ ਪ੍ਰੀਕਸ਼ਾ, ਭਾਰਤੀ ਮੋਹਨ, ਮਿਸ ਪ੍ਰਿਆ, ਐਸ. ਸਾਬਰੀ ਬਾਲਾ ਪਾਂਡੀਅਨ, ਸ਼੍ਰੀਮਤੀ ਮਾਲਵਿਕਾ ਜੈਅੰਥ, ਮਿਸ ਮਿਰਾਂਡਾ ਸੋਲਾਮਨ, ਸੁਧਾਕਰਨ, ਟੀ. ਹਰੀਸ਼ ਕੁਮਾਰ, ਗੌਥਮ ਸ਼ਿਵਸ਼ੰਕਰ, ਪੀ. ਰਾਜਾਲਕਸ਼ਮੀ, ਮਿਸ ਰੁਚੀਰਾ ਗੋਇਲ, ਅਦਿਤ ਜੈਯਸ਼ਭਾਈ ਸ਼ਾਹ, ਰਾਜੇਸ਼ ਕੁਮਾਰ ਚੌਰਸੀਆ, ਗੰਗਾ ਸਾਗਰ ਸਿੰਘ, ਅਸ਼ੀਸ਼ ਕੁਮਾਰ ਚੌਰਸੀਆ, ਐਡਵੋਕੇਟਸ ਪੇਸ਼ ਹੋਣ ਵਾਲੀਆਂ ਪਾਰਟੀਆਂ ਲਈ.

ਬਿਨੈਕਾਰ ਖੁੱਦ ਹਾਜਰ

ਅਦਾਲਤ ਦਾ ਨਿਰਣਾ ਦੁਆਰਾ ਦਿੱਤਾ ਗਿਆ ਸੀ

ਜੱਜ ਅਨੀਰੁੱਧਾ ਬੋਸ।

ਸਪੈਸ਼ਲ ਲੀਵ ਪਟੀਸ਼ਨ (ਸਿਵਲ) ਨੰਬਰ 3528 ਆਫ਼ 2018 ਵਿੱਚ ਮੰਨਜ਼ੂਰੀ ਦਿੱਤੀ ਗਈ।

2. ਭਾਰਤ ਦੇ ਪਸ਼ੂ ਕਲਿਆਣ ਬੋਰਡ ਬਨਾਮ ਏ. ਨਾਗਰਾਜਾ ਅਤੇ ਹੋਰ [(2014) 7 ਐਸ.ਸੀ.ਸੀ 547] ਦੇ ਕੇਸ ਵਿੱਚ, ਇਸ ਅਦਾਲਤ ਦੀ ਇੱਕ ਡਵੀਜਨ ਬੈਂਚ ਨੇ ਮੂਲ ਰੂਪ ਵਿੱਚ ਤਾਮਿਲਨਾਡੂ ਅਤੇ ਮਹਾਰਾਸ਼ਟਰ ਦੇ ਰਾਜਾਂ ਵਿੱਚ ਚਲਦੀਆਂ ਦੋ ਆਮ ਖੇਡਾਂ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਸੀ, ਜਿਨ੍ਹਾਂ ਨੂੰ ਆਮ ਤੌਰ ਤੇ 'ਜੱਲੀਕੱਟੂ' ਅਤੇ 'ਬੈਲਗੱਡੀ ਦੌੜ' ਕਿਹਾ ਜਾਂਦਾ ਹੈ। ਇਹ ਪਸ਼ੂ ਖੇਡਾਂ ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦੇ ਅਧਿਨਿਯਮ, 1960 (''1960 ਅਧਿਨਿਯਮ'') ਦੀਆਂ ਧਾਰਾਵਾਂ 3, 11(1)(ਓ) ਅਤੇ (ਜ) ਦੇ ਵਿਰੁੱਧ ਮੰਨੀਆਂ ਗਈਆਂ ਸਨ, ਜੋ ਕਿ ਸੰਸਦ ਦੁਆਰਾ ਪਾਸ ਕੀਤਾ ਗਿਆ ਇੱਕ ਕਾਨੂੰਨ ਹੈ। ਦੋ ਜੱਜਾਂ ਦੀ ਬੈਂਚ ਨੇ ਉਕਤ ਪ੍ਰਾਵਧਾਨਾਂ ਨੂੰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 51–ਏ (ਖ) ਅਤੇ (ਗ) ਅਤੇ ਅਨੁਛੇਦ 14 ਅਤੇ 21 ਦੀ ਸੰਵਿਧਾਨਕ ਪਿੱਠਭੂਮੀ ਵਿੱਚ ਸਮਝਿਆ ਸੀ। ਇਹ ਫੈਸਲਾ 7 ਮਈ 2014 ਨੂੰ ਸੁਣਾਇਆ ਗਿਆ ਸੀ। ਉਸ ਸਮੇਂ, ਜੱਲੀਕੱਟੂ ਨੂੰ ਤਮਿਲਨਾਡੂ

ਵਿੱਚ ਇੱਕ ਰਾਜ ਅਧਿਨਿਯਮ ਦੁਆਰਾ ਵਿਵਸਿਥਤ ਕੀਤਾ ਜਾ ਰਿਹਾ ਸੀ, ਜੋ ਕਿ ਤਾਮਿਲਨਾਡੂ ਰੈਗੂਲੇਸ਼ਨ ਆਫ਼ ਜੱਲੀਕੱਟੂ ਅਧਿਨਿਯਮ, 2009 ਸੀ। ਦੋ ਜੱਜਾਂ ਵਾਲੇ ਬੈਂਚ ਨੇ ਕਿਹਾ ਸੀ ਕਿ ਇਹ ਰਾਜ ਅਧਿਨਿਯਮ ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦੇ 1960 ਅਧਿਨਿਯਮ ਦੀਆਂ ਪ੍ਰਾਵਧਾਨਾਂ ਦੇ ਵਿਰੁੱਧ ਹੈ ਅਤੇ ਭਾਰਤੀ ਸੰਵਿਧਾਨ ਦੇ ਅਨੁਛੇਦ 254 (1) ਦੇ ਮੱਦੇਨਜ਼ਰ ਇਸਨੂੰ ਨਜਾਇਜ਼ ਮੰਨਿਆ ਗਿਆ ਸੀ। 7 ਜਨਵਰੀ 2016 ਨੂੰ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ("ਐਮ.ਓ.ਈ.ਐਫ ਅਤੇ ਸੀ.ਸੀ") ਵਲੋਂ ਇੱਕ ਸੂਚਨਾ ਜਾਰੀ ਕੀਤੀ ਗਈ ਸੀ [ਨੰਬਰ ਜੀ.ਐਸ.ਆਰ 13 (ਹ) ਨਾਲ]। ਇਹ ਸੂਚਨਾ ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦੇ ਅਧਿਨਿਯਮ, 1960 ਦੀ ਧਾਰਾ 22 ਦੁਆਰਾ ਦਿੱਤੇ ਗਏ ਅਧਿਕਾਰਾਂ ਦੇ ਪ੍ਰਯੋਗ ਵਿੱਚ ਜਾਰੀ ਕੀਤੀ ਗਈ ਸੀ ਅਤੇ ਇਸ ਨੇ ਸਾਨ੍ਹਾਂ ਨੂੰ ਕਰਤਬ ਦਿਖਾਉਣ ਵਾਲੇ ਜਾਨਵਰਾਂ ਵਜੋਂ ਪ੍ਰਦਰਸ਼ਨ ਜਾਂ ਸਿਖਲਾਈ ਦੇਣ ਉੱਤੇ ਪਾਬੰਦੀ ਲਗਾਈ ਸੀ। ਹਾਲਾਂਕਿ, ਇੱਕ ਅਪਵਾਦ ਬਣਾਇਆ ਗਿਆ ਸੀ ਅਤੇ ਇਸ ਸੂਚਨਾ ਵਿੱਚ ਕਿਹਾ ਗਿਆ ਸੀ ਕਿ ਬੈਲਾਂ ਨੂੰ ਜੱਲੀਕੱਟੂ ਵਰਗੇ ਸਮਾਗਮਾਂ ਵਿੱਚ ਤਾਮਿਲਨਾਡੂ ਅਤੇ ਮਹਾਰਾਸ਼ਟਰ, ਕਰਨਾਟਕ, ਪੰਜਾਬ, ਹਰਿਆਣਾ, ਕੇਰਲਾ ਅਤੇ ਗੁਜਰਾਤ ਵਿੱਚ ਬੈਲਗੱਡੀ ਦੌੜਾਂ ਵਿੱਚ ਕਰਤਬ ਦਿਖਾਉਣ ਵਾਲੇ ਜਾਨਵਰਾਂ ਵਜੋਂ ਸਿਖਲਾਈ ਦੇਣੀ ਜਾਰੀ ਰੱਖੀ ਜਾ ਸਕਦੀ ਹੈ, ਜਿਵੇਂ ਕਿ ਆਮ ਸੰਪਰਦਾ ਦੀਆਂ ਰੀਤੀਆਂ ਜਾਂ ਪਰੰਪਰਾਗਤ ਤੌਰ ਤੇ ਪ੍ਰਥਾਵਾਂ ਦੇ ਅਨੁਸਾਰ ਜਾਂ ਦੇਸ਼ ਦੇ ਕਿਸੇ ਵੀ ਭਾਗ ਵਿੱਚ ਸਭਿਆਚਾਰ ਦੇ ਹਿੱਸੇ ਵਜੋਂ। ਕਰਨਾਟਕ ਦੇ ਰਾਜ ਵਿੱਚ, ਇਹ ਦੌੜ ਨਰ ਭੈਂਸਾਂ ਦੀ ਸ਼ਾਮਲ ਸੀ, ਜਿਸ ਨੂੰ ਉਸ ਰਾਜ ਵਿੱਚ "ਕੰਬਾਲਾ" ਕਿਹਾ ਜਾਂਦਾ ਹੈ। ਪਰ ਇਸ ਅਪਵਾਦ ਨੂੰ ਕੁਝ ਸ਼ਰਤਾਂ ਦੇ ਅਧੀਨ ਬਣਾਇਆ ਗਿਆ ਸੀ, ਜਿਸ ਦਾ ਉਦੇਸ਼ ਬੈਲਾਂ ਦੇ ਦਰਦ ਅਤੇ ਪੀੜ ਨੂੰ ਘਟਾਉਣਾ ਸੀ ਜਦੋਂ ਉਹ ਇਹਨਾਂ ਖੇਡਾਂ ਵਿੱਚ ਵਰਤੇ ਜਾਂਦੇ ਹਨ। ਰਿੱਟ ਪਟੀਸ਼ਨਾਂ ਦਾ ਇੱਕ ਸਮੂਹ ਜਿਵੇਂ ਕਿ ਰਿੱਟ ਪਟੀਸ਼ਨ (ਸਿਵਲ) ਨੰਬਰ 23 ਆਫ਼ 2016, 24 ਆਫ਼ 2016, 25 ਆਫ਼ 2016, 26 ਆਫ਼ 2016, 27 ਆਫ਼ 2016, 88 ਆਫ਼ 2016, 1059 ਆਫ਼ 2017, 1011 ਆਫ਼ 2017, 1188 ਆਫ਼ 2017, 1193 ਆਫ਼ 2017, ਸਪੈਸ਼ਲ ਲੀਵ ਪਟੀਸ਼ਨ (ਸਿਵਲ) ਨੰਬਰ 3528 ਆਫ਼ 2018 ਅਤੇ ਸਪੈਸ਼ਲ ਲੀਵ ਪਟੀਸ਼ਨ (ਸਿਵਲ) ਨੰਬਰ 3526-3527 ਆਫ਼ 2018 ਇਸ ਅਦਾਲਤ ਦੇ ਇੱਕ ਡਵੀਜਨ ਬੈਂਚ ਦੇ ਸਾਹਮਣੇ ਦਾਇਰ ਕੀਤੀਆਂ ਗਈਆਂ ਸਨ ਜਿਸ ਵਿੱਚ ਉਕਤ ਸੂਚਨਾ ਦੀ ਕਾਨੂੰਨੀ ਵੈਧਤਾ ਦਾ ਸਵਾਲ ਉਠਾਇਆ ਗਿਆ ਸੀ। ਉਹਨਾਂ ਕਾਰਵਾਈਆਂ ਵਿੱਚ ਪਟੀਸ਼ਨਰਾਂ ਨੇ ਇਸ ਅਦਾਲਤ ਵਲੋਂ ਏ. ਨਾਗਰਾਜਾ (ਉੱਪਰੋਕਤ) ਦੇ ਮਾਮਲੇ ਵਿੱਚ ਦਿੱਤੇ ਦਿਸ਼ਾਨਿਰਦੇਸ਼ਾਂ ਦੀ ਪਾਲਣਾ ਵੀ ਮੰਗੀ ਸੀ।

3. ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚੋਂ ਪਹਿਲੀ ਯਾਚਿਕਾ ਭਾਰਤ ਦੇ ਪਸ਼ੂ ਕਲਿਆਣ ਬੋਰਡ ਅਤੇ ਹੋਰਾਂ ਵਲੋਂ, ਜਿਨ੍ਹਾਂ ਵਿੱਚ ਅੰਜਲੀ ਸ਼ਰਮਾ ਵੀ ਸ਼ਾਮਿਲ ਹੈ, ਦਾਇਰ ਕੀਤੀ ਗਈ ਸੀ, ਪਰ ਸੁਣਵਾਈ ਦੌਰਾਨ, ਪਸ਼ੂ ਕਲਿਆਣ ਬੋਰਡ ਨੇ ਆਪਣਾ ਰੁਖ ਬਦਲ ਲਿਆ ਅਤੇ ਰਾਜ ਅਤੇ ਭਾਰਤੀ ਸੰਘ ਦੇ ਰੁਖ ਨੂੰ ਸਮਰਥਨ ਦੇਣ ਦੀ ਮੰਗ ਕੀਤੀ, ਮੁੱਖ ਤੌਰ ਤੇ ਇਸ ਅਧਾਰ ਤੇ ਕਿ 1960 ਦੇ ਅਧਿਨਿਯਮ ਅਤੇ ਕੁਝ ਰਾਜ ਦੀਆਂ ਸੋਧਾਂ ਜੋ ਸਾਲ 2017 ਵਿੱਚ ਪਾਸ ਕੀਤੀਆਂ ਗਈਆਂ ਸਨ, ਉਹ ਵਿਰੋਧੀ ਨਹੀਂ ਸਨ ਅਤੇ ਬੋਰਡ ਨੇ ਉਕਤ ਸਮਾਰੋਹਾਂ ਦੌਰਾਨ ਪਸ਼ੂ ਪ੍ਰਜਾਤੀਆਂ ਦੀ ਪੀੜ ਨੂੰ ਰੋਕਣ ਲਈ ਦਿਸ਼ਾਨਿਰਦੇਸ਼ ਤਿਆਰ ਕੀਤੇ ਸਨ। ਅਸੀਂ ਇਸ ਫੈਸਲੇ ਵਿੱਚ ਬਾਅਦ ਵਿੱਚ ਤਿੰਨ ਰਾਜ ਸੋਧ ਅਧਿਨਿਯਮਾਂ ਦਾ ਜ਼ਿਕਰ ਕਰਾਂਗੇ। ਹਾਲਾਂਕਿ, ਦੂਜੀ ਰਿੱਟ ਪਟੀਸ਼ਨਰ - ਅੰਜਲੀ ਸ਼ਰਮਾ, ਜੋ ਕਿ ਇਸ ਅਦਾਲਤ ਦੀ ਇੱਕ ਪੇਸ਼ੇਵਰ ਵਕੀਲ ਅਤੇ ਬੋਰਡ ਦੀ ਮੈਂਬਰ ਵੀ ਹੈ, ਨੇ ਉਕਤ ਰਿੱਟ ਪਟੀਸ਼ਨ ਨੂੰ ਇੱਕ ਇੱਕਲੇ ਰਿੱਟ ਪਟੀਸ਼ਨਰ ਵਜੋਂ ਪੇਸ਼ ਕੀਤਾ।

4. ਰਿੱਟ ਪਟੀਸ਼ਨ (ਸਿਵਲ) ਨੰਬਰ 1188 ਆਫ਼ 2017 ਨਾਲ ਜੁੜੇ ਹੋਏ, ਵਿਕਰਮਸਿੰਹ ਨਿਵ੍ਰੱਤੀ ਭੋਸਲੇ ਵਲੋਂ ਇੱਕ ਅੰਤਰਿਮ ਅਰਜ਼ੀ (170346 ਆਫ਼ 2022) ਉਸਦੇ ਮਹਾਰਾਸ਼ਟਰ ਵਿੱਚ ਇੱਕ ਖੇਤੀਬਾੜੀ ਕਰਨ ਵਾਲੇ ਹੋਣ ਦੇ ਨਾਤੇ ਦਾਇਰ ਕੀਤੀ ਗਈ ਹੈ। ਉਸਨੇ ਤਰਕ ਦਿੱਤਾ ਹੈ ਕਿ ਮਹਾਰਾਸ਼ਟਰ ਸੋਧ ਐਕਟ ਨੂੰ ਦਿੱਤੀ ਗਈ ਚੁਣੌਤੀ, ਜੇਕਰ ਉਸ ਨੂੰ ਮੰਨਿਆ ਜਾਂਦਾ ਹੈ, ਤਾਂ ਇਹ ਉਹਨਾਂ ਕਿਸਾਨਾਂ ਦੀਆਂ ਜ਼ਿੰਦਗੀਆਂ ਤੇ ਅਸਰ ਪਾ ਸਕਦਾ ਹੈ ਜੋ ਅਜੇ ਵੀ ਬੈਲਗੱਡੀ ਦੌੜ ਨਾਲ ਜੁੜੇ ਹੋਏ ਹਨ। ਉਸਦਾ ਇਹ ਵੀ ਤਰਕ ਹੈ ਕਿ ਮਹਾਰਾਸ਼ਟਰ ਦਾ ਸੋਧ ਐਕਟ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ II ਦੀ ਮੱਦ 15 ਨਾਲ ਵੀ ਸੰਬੰਧਿਤ ਹੈ ਜੋ ਕਹਿੰਦੀ ਹੈ:-

> "ਪਸ਼ੂ ਨਸਲ ਦਾ ਕਾਇਮ ਰੱਖਣਾ, ਹਿਫਾਜਤ ਅਤੇ ਸੁਧਾਰ ਅਤੇ ਪਸ਼ੂ ਰੋਗਾਂ ਦੀ ਰੋਕ; ਸਲੋਤਰੀ ਸਿੱਖਲਾਈ ਅਤੇ ਅਭਿਆਸ"।

5. ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦਾ (ਤਾਮਿਲਨਾਡੂ ਸੋਧ) ਅਧਿਨਿਯਮ, 2017, ("ਤਾਮਿਲਨਾਡੂ ਸੋਧ ਅਧਿਨਿਯਮ"), ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦਾ (ਮਹਾਰਾਸ਼ਟਰ ਸੋਧ) ਅਧਿਨਿਯਮ, 2017 ("ਮਹਾਰਾਸ਼ਟਰ ਸੋਧ ਅਧਿਨਿਯਮ") ਅਤੇ ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦਾ (ਕਰਨਾਟਕ ਦੂਜਾ ਸੋਧ) ਅਧਿਨਿਯਮ, 2017 ("ਕਰਨਾਟਕ ਸੋਧ ਅਧਿਨਿਯਮ") ਸਬੰਧਤ ਰਾਜ ਦੀਆਂ ਵਿਧਾਨਮੰਡਲਾਂ ਦੁਆਰਾ ਪਾਸ ਕੀਤੇ ਗਏ ਸਨ ਅਤੇ ਇਹਨਾਂ ਨੇ ਰਾਸ਼ਟਰਪਤੀ ਦੀ ਮਨਜ਼ੂਰੀ ਵੀ ਪ੍ਰਾਪਤ ਕੀਤੀ ਸੀ। ਅਸੀਂ ਇਸ ਫੈਸਲੇ ਵਿੱਚ ਇਹਨਾਂ ਅਧਿਨਿਯਮਾਂ ਬਾਰੇ ਵਧੇਰੇ ਵੇਰਵੇ ਵਿੱਚ ਹਵਾਲਾ ਦੇਵਾਂਗੇ। ਇਹ

ਸੋਧ ਅਧਿਨਿਯਮ ਅਸਲ ਵਿੱਚ ਤਾਮਿਲਨਾਡੂ ਵਿੱਚ ਜੱਲੀਕੱਟੂ, ਮਹਾਰਾਸ਼ਟਰ ਵਿੱਚ ਬੈਲਗੱਡੀ ਦੌੜ ਅਤੇ ਕਰਨਾਟਕ ਵਿੱਚ ਕੰਬਾਲਾ ਸਮੇਤ ਵੱਖ-ਵੱਖ ਕਿਸਮਾਂ ਦੀਆਂ ਪਸ਼ੂ ਖੇਡਾਂ ਨੂੰ ਕਾਨੂੰਨੀ ਮਾਨਤਾ ਦੇਣ ਦੀ ਕੋਸ਼ਿਸ਼ ਕਰਦੇ ਹਨ। ਤਾਮਿਲਨਾਡੂ ਸੋਧ ਅਧਿਨਿਯਮ ਵਿੱਚ ਜੱਲੀਕੱਟੂ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ:-

> ''(ਸਸ) ''ਜੱਲੀਕੱਟੂ'' ਦਾ ਮਤਲਬ ਹੈ ਇੱਕ ਸਮਾਗਮ ਜਿਸ ਵਿੱਚ ਬੈਲਾਂ ਨੂੰ ਸ਼ਾਮਿਲ ਕਰਕੇ ਕੈਲੰਡਰ ਵਰ੍ਹੇ ਦੇ ਜਨਵਰੀ ਤੋਂ ਮਈ ਤੱਕ ਦੇ ਮਹੀਨਿਆਂ ਦੌਰਾਨ ਅਜਿਹੇ ਦਿਨਾਂ ਅਤੇ ਅਜਿਹੀਆਂ ਥਾਵਾਂ ਤੇ, ਜਿਵੇਂ ਕਿ ਰਾਜ ਸਰਕਾਰ ਦੁਆਰਾ ਸੂਚਿਤ ਕੀਤਾ ਜਾ ਸਕਦਾ ਹੈ, ਪਰੰਪਰਾ ਅਤੇ ਸਭਿਆਚਾਰ ਨੂੰ ਜਾਰੀ ਰੱਖਣ ਲਈ ਕੀਤਾ ਜਾਂਦਾ ਹੈ, ਅਤੇ ਇਸ ਵਿੱਚ ''ਮੰਜੁਵਿਰਾਟੁ'', ''ਵਡਮਾਡੁ'' ਅਤੇ ''ਏਰੁਧੁਵਿਦੁਮਵਿਜ਼ਹਾ'' ਸ਼ਾਮਲ ਹਨ।''

ਕਰਨਾਟਕ ਸੋਧ ਅਧਿਨਿਯਮ ਵਿੱਚ, ਕੰਬਾਲਾ ਸ਼ਬਦ ਦੀ ਪਰਿਭਾਸ਼ਾ, ਮੂਲ ਅਧਿਨਿਯਮ ਵਿੱਚ ਸੋਧ ਕਰਨ ਤੋਂ ਬਾਅਦ ਇਸ ਤਰ੍ਹਾਂ ਦਿੱਤੀ ਗਈ ਹੈ:-

> ''(ਓਓ) ''ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ'' ਦਾ ਮਤਲਬ ਹੈ ਕਿਸੇ ਵੀ ਰੂਪ ਵਿੱਚ ਬੈਲਾਂ ਦੀ ਦੌੜ ਜਿਸ ਵਿੱਚ ਬੈਲਗੱਡੀ ਦੀ ਦੌੜ ਸ਼ਾਮਲ ਹੈ ਜੋ ਇੱਕ ਪਰੰਪਰਾਗਤ ਖੇਡ ਵਜੋਂ ਬੈਲਾਂ ਦੀ ਸ਼ਮੂਲੀਅਤ ਨਾਲ ਹੁੰਦੀ ਹੈ ਚਾਹੇ ਉਹ ਲੱਕੜ ਦੀ ਪੰਜਾਲੀ ਦੀ ਸਹਾਇਤਾ ਨਾਲ ਗੱਡੀ ਨਾਲ ਬੰਨ੍ਹੇ ਹੋਏ ਹੋਣ ਜਾਂ ਨਾ ਹੋਣ (ਜੋ ਕਿ ਕਿਸੇ ਵੀ ਨਾਮ ਨਾਲ ਜਾਣੇ ਜਾਂਦੇ ਹੋਣ) ਆਮ ਤੌਰ ਤੇ ਰਾਜ ਵਿੱਚ ਪਰੰਪਰਾ ਅਤੇ ਸਭਿਆਚਾਰ ਦੇ ਹਿੱਸੇ ਵਜੋਂ ਕੁਝ ਦਿਨਾਂ ਅਤੇ ਥਾਵਾਂ ਤੇ ਹੋਣ ਜਿਵੇਂ ਕਿ ਰਾਜ ਸਰਕਾਰ ਦੁਆਰਾ ਸੂਚਿਤ ਕੀਤਾ ਜਾ ਸਕਦਾ ਹੈ''; ਅਤੇ
>
> (ii) ਧਾਰਾ (ਸ) ਤੋਂ ਬਾਅਦ, ਨਿਮਨਲਿਖਤ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-
>
> (ਸਸ) ''ਕੰਬਾਲਾ'' ਦਾ ਮਤਲਬ ਹੈ ਪਰੰਪਰਾਗਤ ਖੇਡ ਦਾ ਸਮਾਰੋਹ ਜਿਸ ਵਿੱਚ ਭੈਂਸਾਂ (ਨਰ) ਦੀ ਦੌੜ ਸ਼ਾਮਲ ਹੁੰਦੀ ਹੈ, ਜੋ ਆਮ ਤੌਰ ਤੇ ਰਾਜ ਵਿੱਚ ਪਰੰਪਰਾ ਅਤੇ ਸਭਿਆਚਾਰ ਦੇ ਹਿੱਸੇ ਵਜੋਂ ਕੁਝ ਦਿਨਾਂ ਅਤੇ ਥਾਵਾਂ ਤੇ ਹੋਣ ਵਾਲੇ ਜਿਵੇਂ ਕਿ ਰਾਜ ਸਰਕਾਰ ਦੁਆਰਾ ਸੂਚਿਤ ਕੀਤਾ ਜਾ ਸਕਦਾ ਹੈ।''

ਮਹਾਰਾਸ਼ਟਰ ਵਿੱਚ ਹੋਣ ਵਾਲੀ ਬੈਲਗੱਡੀ ਦੀ ਦੌੜ ਨੂੰ ਸੋਧ ਐਕਟ ਦੀ ਧਾਰਾ 2 ਨਾਲ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ:–

''(ਅਅ) ''ਬੈਲਗੱਡੀ ਦੀ ਦੌੜ'' ਦਾ ਮਤਲਬ ਹੈ ਇੱਕ ਸਮਾਗਮ ਜਿਸ ਵਿੱਚ ਬੈਲ ਜਾਂ ਬੈਲਗੱਡੀਆਂ ਨੂੰ ਦੌੜ ਕਰਵਾਉਣ ਲਈ ਸ਼ਾਮਲ ਕੀਤਾ ਜਾਂਦਾ ਹੈ, ਚਾਹੇ ਲੱਕੜ ਦੀ ਪੰਜਾਲੀ ਦੀ ਸਹਾਇਤਾ ਨਾਲ ਗੱਡੀ ਨਾਲ ਬੰਨ੍ਹੇ ਹੋਣ ਜਾਂ ਨਾ ਹੋਣ (ਜੋ ਕਿ ਕਿਸੇ ਵੀ ਨਾਮ ਨਾਲ ਜਾਣੇ ਜਾਂਦੇ ਹੋਣ), ਗੱਡੀ ਵਾਲਾ ਨਾਲ ਜਾਂ ਬਿਨਾਂ ਗੱਡੀ ਵਾਲੇ ਦੇ ਪਰੰਪਰਾ ਅਤੇ ਸਭਿਆਚਾਰ ਦੇ ਅਨੁਸਾਰ ਅਜਿਹੇ ਦਿਨਾਂ ਅਤੇ ਕਿਸੇ ਵੀ ਜ਼ਿਲ੍ਹੇ ਵਿੱਚ ਜਿੱਥੇ ਇਹ ਪਰੰਪਰਾਗਤ ਤੌਰ ਤੇ ਅਜਿਹੀਆਂ ਥਾਵਾਂ ਤੇ ਹੁੰਦੀ ਹੈ, ਜਿਵੇਂ ਕਿ ਪਹਿਲਾਂ ਹੀ ਜ਼ਿਲ੍ਹਾ ਕਲੈਕਟਰ ਦੁਆਰਾ ਮਨਜ਼ੂਰ ਕੀਤੀਆਂ ਹੋਈਆਂ ਹੋਣ, ਅਤੇ ਮਹਾਰਾਸ਼ਟਰ ਰਾਜ ਵਿੱਚ "ਬੈਲਗਡਾ ਸ਼ਰਯਤ", ''ਛਕਾਡੀ" ਅਤੇ "ਸ਼ੰਕਰਪਾਟ" ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ।''

6. ਇੱਕ ਜਨਹਿੱਤ ਯਾਚਿਕਾ ("PIL'') ਨੂੰ ਬੰਬਈ ਦੀ ਉੱਚ ਅਦਾਲਤ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ, ਜਿਸਨੂੰ PIL (ਸਟੈਂਪ) ਨੰਬਰ 23132 ਆਫ਼ 2017 (ਅਜੇ ਮਰਾਠੇ ਬਨਾਮ ਮਹਾਰਾਸ਼ਟਰ ਰਾਜ ਅਤੇ ਹੋਰ) ਦੇ ਤੌਰ ਤੇ ਦਰਜ ਕੀਤਾ ਗਿਆ ਸੀ, ਜਿਸ ਵਿੱਚ ਮਹਾਰਾਸ਼ਟਰ ਰਾਜ ਦੁਆਰਾ ਲਿਆਂਦੇ ਗਏ ਕੁਝ ਪ੍ਰਸਤਾਵਿਤ ਨਿਯਮਾਂ ਨੂੰ ਚੁਣੌਤੀ ਦਿੱਤੀ ਗਈ ਸੀ ਜੋ ਕਿ ''ਮਹਾਰਾਸ਼ਟਰ ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ (ਬੈਲਗੱਡੀ ਦੌੜ ਦੇ ਸੰਚਾਲਨ) ਨਿਯਮ, 2017'' ਦੇ ਸਿਰਲੇਖ ਹੇਠ ਲਿਆਂਦੇ ਗਏ ਸਨ ਅਤੇ ਬੈਲਗੱਡੀ ਦੀ ਦੌੜ ਨੂੰ ਮਨਜ਼ੂਰੀ ਦਿੱਤੀ ਗਈ ਅਤੇ 11 ਅਕਤੂਬਰ 2017 ਨੂੰ ਉੱਚ ਅਦਾਲਤ ਨੇ ਮਹਾਰਾਸ਼ਟਰ ਰਾਜ ਵਿੱਚ ਬੈਲਗੱਡੀ ਦੀਆਂ ਦੌੜਾਂ ਦੇ ਸੰਚਾਲਨ ਉੱਤੇ ਰੋਕ ਲਗਾ ਦਿੱਤੀ। ਉਕਤ ਨਿਯਮਾਂ ਨੇ ਬੈਲਗੱਡੀ ਦੀਆਂ ਦੌੜਾਂ ਦੇ ਕਰਾਉਣ ਨੂੰ ਵਿਵਸਿਥਤ ਕਰਨ ਦੀ ਕੋਸ਼ਿਸ਼ ਕੀਤੀ।

7. ਉਸ ਰਾਜ ਦੇ ਇੱਕ ਕਿਸਾਨ, ਸਾਂਗਲੀ ਜ਼ਿਲ੍ਹੇ ਦੇ ਵਿਕਰਮਸਿੰਹ ਨਿਵ੍ਰੱਤੀ ਭੋਸਲੇ ਨੇ ਸਪੈਸ਼ਲ ਲੀਵ ਪਟੀਸ਼ਨ (ਸਿਵਲ) 3528 ਆਫ਼ 2018 ਦਾਇਰ ਕੀਤੀ ਹੈ, ਜਿਸ ਵਿੱਚ ਬੰਬਈ ਉੱਚ ਅਦਾਲਤ ਦੁਆਰਾ ਪਾਸ ਕੀਤੇ ਗਏ ਉਸ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਹੈ ਅਤੇ ਇਸ ਸੰਦਰਭ ਵਿੱਚ ਅਸੀਂ ਉਕਤ ਸਪੈਸ਼ਲ ਲੀਵ ਪਟੀਸ਼ਨ ਵਿੱਚ ਉਠਾਏ ਗਏ ਕੁਝ ਬਿੰਦੂਆਂ ਨਾਲ ਵੀ ਨਿਪਟਾਂਗੇ।

8. ਇਸ ਅਦਾਲਤ ਦੀ ਇੱਕ ਡਵੀਜਨ ਬੈਂਚ ਨੇ 2 ਫਰਵਰੀ 2018 ਨੂੰ ਪਾਸ ਕੀਤੇ ਇੱਕ ਆਦੇਸ਼ ਰਾਹੀਂ ਪੰਜ ਸਵਾਲ ਬਣਾਏ ਹਨ ਜਿਨ੍ਹਾਂ ਦੇ ਜਵਾਬ ਇੱਕ ਸੰਵਿਧਾਨ ਬੈਂਚ ਦੁਆਰਾ ਦਿੱਤੇ ਜਾਣੇ ਹਨ ਅਤੇ ਕਾਗਜ਼ਾਤ ਨੂੰ ਭਾਰਤ ਦੇ ਮਾਨਯੋਗ ਮੁੱਖ ਨਿਆਂਧੀਸ਼ ਅੱਗੇ ਰੱਖਣ ਲਈ ਨਿਰਦੇਸ਼ ਦਿੱਤਾ ਗਿਆ ਸੀ। ਡਵੀਜਨ ਬੈਂਚ ਨੇ ਨਿਮਨਲਿਖਤ 5 ਸਵਾਲਾਂ ਦੀ ਬਣਤਰ ਕੀਤੀ ਜੋ ਅਸੀਂ ਇਸ ਫੈਸਲੇ ਵਿੱਚ ਜਵਾਬ ਦੇਣੇ ਹਨ:-

i. ‘‘ਕੀ ਤਾਮਿਲਨਾਡੂ ਸੋਧ ਅਧਿਨਿਯਮ, ਮੂਲ ਅਤੇ ਸਾਰ ਵਿੱਚ, ਭਾਰਤੀ ਸੰਵਿਧਾਨ ਦੇ ਸੱਤਵੇਂ ਅਨੁਸੂਚੀ ਦੀ ਸੂਚੀ III ਦੀ ਮੱਦ 17 ਨੂੰ ਸੰਦਰਭਿਤ ਕਰਦਾ ਹੈ, ਜਾਂ ਕੀ ਇਹ ਪਸ਼ੂਆਂ ਨਾਲ ਕਰੂਰਤਾ ਨੂੰ ਹੋਰ ਅੱਗੇ ਵਧਾਉਂਦਾ ਅਤੇ ਕਾਇਮ ਰੱਖਦਾ ਹੈ; ਅਤੇ ਕੀ ਇਸ ਨੂੰ ਪਸ਼ੂਆਂ ਨੂੰ ਕਰੂਰਤਾ ਤੋਂ ਬਚਾਉਣ ਦਾ ਉਪਾਅ ਆਖਿਆ ਜਾ ਸਕਦਾ ਹੈ? ਕੀ ਇਹ ਨਕਲੀ ਕਾਨੂੰਨ ਹੈ ਜੋ ਕਿਸੇ ਵੀ ਰਾਜ ਸੂਚੀ ਵਿੱਚ ਕਿਸੇ ਵੀ ਮੱਦ ਲਾਲ ਸਬੰਧਤ ਨਹੀਂ ਹੈ ਜਾਂ ਸਮਵਰਤਕ ਸੂਚੀ ਦੀ ਮੱਦ 17 ਨਾਲ ਸਬੰਧਤ ਨਹੀਂ ਹੈ?

ii. ਤਾਮਿਲਨਾਡੂ ਸੋਧ ਅਧਿਨਿਯਮ ਕਹਿੰਦਾ ਹੈ ਕਿ ਇਸਦਾ ਮਕਸਦ ਤਾਮਿਲਨਾਡੂ ਦੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੈ। ਕੀ ਚੁਣੌਤੀ ਦਿੱਤੇ ਗਏ ਤਾਮਿਲਨਾਡੂ ਸੋਧ ਅਧਿਨਿਯਮ ਨੂੰ ਤਾਮਿਲਨਾਡੂ ਦੇ ਲੋਕਾਂ ਦੀ ਸਭਿਆਚਾਰਕ ਵਿਰਾਸਤ ਦੇ ਹਿੱਸੇ ਵਜੋਂ ਦੱਸਿਆ ਜਾ ਸਕਦਾ ਹੈ ਤਾਂ ਜੋ ਇਹ ਭਾਰਤੀ ਸੰਵਿਧਾਨ ਦੇ ਅਨੁਛੇਦ 29 ਦਾ ਸੰਰਕਸ਼ਣ ਪ੍ਰਾਪਤ ਕਰ ਸਕੇ?

iii. ਕੀ ਤਾਮਿਲਨਾਡੂ ਸੋਧ ਅਧਿਨਿਯਮ, ਸਾਰ ਅਤੇ ਨਿਚੋੜ ਵਿੱਚ, ਬੈਲਾਂ ਦੀ ਦੇਸੀ ਨਸਲ ਦੇ ਜੀਵਨ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਹੈ? ਕੀ ਅਧਿਨਿਯਮ, ਸਾਰ ਅਤੇ ਨਿਚੋੜ ਵਿੱਚ, ਭਾਰਤੀ ਸੰਵਿਧਾਨ ਦੇ ਅਨੁਛੇਦ 48 ਨਾਲ ਸਬੰਧਤ ਹੈ?

iv. ਕੀ ਤਾਮਿਲਨਾਡੂ ਸੋਧ ਅਧਿਨਿਯਮ ਭਾਰਤੀ ਸੰਵਿਧਾਨ ਦੇ ਅਨੁਛੇਦ 51ਉ(ਖ) ਅਤੇ 51ਉ(ਗ) ਦੇ ਖਿਲਾਫ ਹੈ, ਅਤੇ ਕੀ ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਅਨੁਚਿਤ ਹੈ ਅਤੇ ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਤੇ 21 ਦੀ ਉਲੰਘਣਾ ਕਰਦਾ ਹੈ?

v. ਕੀ ਚੁਣੌਤੀ ਦਿੱਤਾ ਗਿਆ ਤਾਮਿਲਨਾਡੂ ਸੋਧ ਅਧਿਨਿਯਮ ਸਿੱਧੇ ਤੌਰ ਤੇ ਏ. ਨਾਗਰਾਜਾ (ਉੱਪਰਲੇ) ਦੇ ਫੈਸਲੇ ਅਤੇ 16 ਨਵੰਬਰ, 2016 ਦੇ ਉਕਤ ਮਾਮਲੇ ਵਿੱਚ ਦਿੱਤੇ ਗਏ ਸਮੀਖਿਆ ਫੈਸਲੇ ਦੇ ਖਿਲਾਫ ਹੈ, ਅਤੇ ਕੀ ਉਕਤ ਦੋ ਫੈਸਲਿਆਂ ਵਿੱਚ ਦਸੀਆਂ ਗਈਆਂ ਖਾਮੀਆਂ ਨੂੰ ਤਾਮਿਲਨਾਡੂ ਵਿਧਾਨ ਮੰਡਲ ਦੁਆਰਾ ਚੁਣੌਤੀ ਦਿੱਤੇ ਗਏ ਤਾਮਿਲਨਾਡੂ ਸੋਧ ਅਧਿਨਿਯਮ ਨੂੰ ਪਾਸ ਕਰਨ ਨਾਲ ਦੂਰ ਕੀਤਾ ਜਾ ਸਕਦਾ ਹੈ?’’

9.ਭਾਰਤੀ ਸੰਵਿਧਾਨ ਦੇ ਅਨੁਛੇਦ 254(2) ਦੇ ਅਧੀਨ ਤਿੰਨ ਰਾਜਾਂ ਵੱਲੋਂ ਰਾਸ਼ਟਰਪਤੀ ਦੀ ਮਨਜ਼ੂਰੀ ਮੰਗੀ ਗਈ ਸੀ। ਪਟੀਸ਼ਨਰਾਂ ਵੱਲੋਂ ਰਾਸ਼ਟਰਪਤੀ ਦੀ ਮਨਜ਼ੂਰੀ ਦੇ ਅਮਲ ਨੂੰ ਹੀ ਸਵਾਲਾਂ ਵਿੱਚ ਘੇਰਿਆ ਗਿਆ ਹੈ ਅਤੇ ਇਸ ਅਦਾਲਤ ਦੇ ਗ੍ਰਾਮ ਪੰਚਾਇਤ

ਦੇ ਪਿੰਡ ਜਮਾਲਪੁਰ -ਵਿਰੁੱਧ- ਮਲਵਿੰਦਰ ਸਿੰਘ ਅਤੇ ਹੋਰਾਂ [(1985) 3 ਐਸ.ਸੀ.ਸੀ 661] ਦੇ ਮਾਮਲੇ ਵਿੱਚ ਦਿੱਤੇ ਗਏ ਫੈਸਲੇ ਨੂੰ ਹਵਾਲਾ ਦੇ ਕੇ ਤਰਕ ਦਿੱਤਾ ਗਿਆ ਹੈ ਕਿ ਅਜਿਹੀ ਮਨਜ਼ੂਰੀ ਪ੍ਰਾਪਤ ਕਰਨ ਲਈ, ਰਾਸ਼ਟਰਪਤੀ ਦੇ ਅੱਗੇ ਪੂਰੀਆਂ ਜਾਣਕਾਰੀਆਂ ਪੇਸ਼ ਨਹੀਂ ਕੀਤੀਆਂ ਗਈਆਂ। ਇਸ ਅਦਾਲਤ ਦੇ ਹੋਚਸਟ ਫਾਰਮਾਸਿਊਟੀਕਲਸ ਲਿਮਟਿਡ ਅਤੇ ਹੋਰ -ਵਿਰੁੱਧ- ਬਿਹਾਰ ਰਾਜ ਅਤੇ ਹੋਰ [(1983) 4 ਐਸ.ਸੀ.ਸੀ 45] ਦੇ ਮਾਮਲੇ ਦੇ ਫੈਸਲੇ ਨੂੰ ਵੀ ਪਟੀਸ਼ਨਰਾਂ ਨੇ ਹਵਾਲਾ ਦਿੱਤਾ ਹੈ ਤਾਂ ਜੋ ਇਹ ਦਾਅਵਾ ਕੀਤਾ ਜਾ ਸਕੇ ਕਿ ਰਾਸ਼ਟਰਪਤੀ ਦੀ ਅਜਿਹੀ ਮਨਜ਼ੂਰੀ ਸਿਰਫ ਤਦ ਹੀ ਪ੍ਰਸੰਗਿਕ ਹੈ ਜੇ ਕਾਨੂੰਨ ਸੰਵਿਧਾਨ ਦੀ ਸੱਤਵੇਂ ਅਨੁਸੂਚੀ ਦੀ ਸੂਚੀ III ਦੀ ਮੱਦ ਨਾਲ ਸੰਬੰਧਿਤ ਹੋਵੇ। ਪਰ ਸਾਡੇ ਵਿਚਾਰ ਵਿੱਚ, ਸੋਧ ਅਧਿਨਿਯਮ ਸੂਚੀ III ਦੀ ਮੱਦ 17 ਨਾਲ ਸੰਬੰਧਿਤ ਹਨ ਅਤੇ ਇਸ ਲਈ ਅਸੀਂ ਇਸ ਨੂੰ ਜ਼ਰੂਰੀ ਨਹੀਂ ਸਮਝਦੇ ਕਿ ਹੋਚਸਟ ਫਾਰਮਾਸਿਊਟੀਕਲਸ (ਉੱਪਰਲੇ) ਦੇ ਮਾਮਲੇ ਵਿੱਚ ਤੈਅ ਕੀਤੇ ਗਏ ਅਨੁਪਾਤ ਨਾਲ ਨਿਪਟਿਆ ਜਾਵੇ। ਇਸ ਪ੍ਰਸਤਾਵ ਦੇ ਸਮਰਥਨ ਵਿੱਚ ਕੁਝ ਹੋਰ ਫੈਸਲਿਆਂ ਦੇ ਹਵਾਲੇ ਵੀ ਦਿੱਤੇ ਗਏ ਸਨ। ਅਸੀਂ ਇਸ ਬਿੰਦੂ ਤੇ ਆਪਣੀ ਰਾਏ ਇਸ ਫੈਸਲੇ ਦੇ ਅਗਲੇ ਭਾਗ ਵਿੱਚ ਦੇਵਾਂਗੇ।

10. ਰਿੱਟ ਪਟੀਸ਼ਨ (ਸਿਵਲ) ਨੰਬਰ 1152 ਆਫ਼ 2018 ਵਿੱਚ ਕਰਨਾਟਕ ਸੋਧ ਅਧਿਨਿਯਮ ਦੀ ਕਾਨੂੰਨੀ ਵੈਧਤਾ ਨੂੰ ਚੁਣੌਤੀ ਦਿੱਤੀ ਗਈ ਹੈ। ਇਹ ਯਾਚਿਕਾ 7.12.2018 ਦੀ ਤਾਰੀਖ ਵਾਲੇ ਇੱਕ ਆਦੇਸ਼ ਦੁਆਰਾ ਰਿੱਟ ਪਟੀਸ਼ਨ (ਸਿਵਲ) ਨੰਬਰ 1059 ਆਫ਼ 2017 ਨਾਲ ਜੋੜ ਦਿੱਤੀ ਗਈ ਸੀ। ਰਿੱਟ ਪਟੀਸ਼ਨ (ਸਿਵਲ) ਨੰਬਰ 1059 ਆਫ਼ 2017 ਨੂੰ ਟੀ.ਸੀ. (ਸੀ) ਨੰਬਰ 60 ਆਫ਼ 2021 ਨਾਲ ਸੁਣਿਆ ਗਿਆ ਸੀ ਅਤੇ ਇਸ ਅਦਾਲਤ ਦੀ ਇੱਕ ਤਿੰਨ-ਜੱਜ ਵਾਲੀ ਬੈਂਚ ਨੇ ਕਰਨਾਟਕ ਅਤੇ ਮਹਾਰਾਸ਼ਟਰ ਸੋਧ ਅਧਿਨਿਯਮਾਂ ਦਾ ਸੰਘਿਆਨ ਲਿਆ ਸੀ ਅਤੇ 16.12.2021 ਨੂੰ ਉਕਤ ਬੈਂਚ ਦੁਆਰਾ ਪਾਸ ਕੀਤੇ ਗਏ ਆਦੇਸ਼ ਵਿੱਚ ਇਹ ਕਿਹਾ ਗਿਆ ਸੀ:-

> ‘‘ਤਾਮਿਲਨਾਡੂ ਅਤੇ ਕਰਨਾਟਕ ਰਾਜਾਂ ਦੁਆਰਾ ਕੀਤੇ ਗਏ ਇਸੇ ਤਰ੍ਹਾਂ ਦੀਆਂ ਸੋਧਾਂ ਨਾਲ ਸਬੰਧਤ ਸਾਰਾ ਮਾਮਲਾ ਹੁਣ ਸੰਵਿਧਾਨ ਪੀਠ ਨੂੰ ਰੈਫਰ ਕੀਤਾ ਗਿਆ ਹੈ, ਇਸ ਗੱਲ ਨੂੰ ਵਿਚਾਰਨ ਲਈ ਵੀ ਕਿ ਕੀ ਇਹ ਸੋਧ ਅਧਿਨਿਯਮ (ਤਾਮਿਲਨਾਡੂ ਦੇ) ਇਸ ਅਦਾਲਤ ਦੇ ਦੋ ਫੈਸਲਿਆਂ ਵਿੱਚ ਦੱਸੀਆਂ ਗਈਆਂ ਖਾਮੀਆਂ ਨੂੰ ਦੂਰ ਕਰਦੇ ਹਨ ਜਾਂ ਨਹੀਂ। ਇਸੇ ਤਰ੍ਹਾਂ ਦਾ ਸਵਾਲ ਇਨ੍ਹਾਂ ਰਿਟ ਪਟੀਸ਼ਨਾਂ ਅਤੇ ਮਹਾਰਾਸ਼ਟਰ ਤੋਂ ਟ੍ਰਾਂਸਫਰ ਕੇਸ ਵਿੱਚ ਉਠੇਗਾ ਜੋ ਮਹਾਰਾਸ਼ਟਰ ਰਾਜ ਦੇ ਪ੍ਰਾਵਧਾਨਾਂ ਨਾਲ ਸਬੰਧਤ ਹੈ। ਇਸ ਲਈ, ਇਹ ਰਿੱਟ ਪਟੀਸ਼ਨ ਤਾਮਿਲਨਾਡੂ ਅਤੇ ਕਰਨਾਟਕ ਰਾਜ ਦੀਆਂ ਪਟੀਸ਼ਨਾਂ ਦੇ ਨਾਲ ਸੁਣੀਆਂ ਜਾਣਗੀਆਂ।"

11. ਏ. ਨਾਗਰਾਜਾ (ਉੱਪਰੋਕਤ) ਦੇ ਫੈਸਲੇ ਵਿੱਚ, ਜੋ ਕਿ ਜੱਲੀਕੱਟੂ ਅਤੇ ਮਹਾਰਾਸ਼ਟਰ ਵਿੱਚ ਬੈਲਗੱਡੀ ਦੌੜ ਨਾਲ ਨਿਪਟਿਆ ਸੀ, ਇਸ ਅਦਾਲਤ ਦੀ ਡਵੀਜਨ ਬੈਂਚ ਨੇ ਇਹ ਪਾਇਆ ਕਿ ਬੈਲ ਕਿਸੇ ਵੀ ਖੇਡ ਵਿੱਚ ਸ਼ਾਮਲ ਹੋਣ ਲਈ ਉਪਯੁਕਤ ਨਹੀਂ ਹਨ। ਬੈਂਚ ਨੇ ਪਾਇਆ ਕਿ ਬੈਲ ਕਰਤਬ ਦਿਖਾਉਣ ਵਾਲੇ ਜਾਨਵਰ ਨਹੀਂ ਹਨ ਜਿਨ੍ਹਾਂ ਵਿੱਚ ਘੋੜੇ ਵਾਂਗ ਦੌੜਣ ਦੀ ਕੁਦਰਤੀ ਪ੍ਰਵ੍ਰਿੱਤੀ ਨਹੀਂ ਹੈ। ਏ. ਨਾਗਰਾਜਾ (ਉੱਪਰੋਕਤ) ਦੇ ਮਾਮਲੇ ਵਿੱਚ ਬੈਂਚ ਦੀ ਸੋਚ, ਹੋਰਾਂ ਤੋਂ ਇਲਾਵਾ, ਪੈਰਾ 33, 37, 41, 44, 53 ਅਤੇ 73 ਵਿੱਚੋਂ ਸਪਸ਼ਟ ਹੋ ਜਾਵੇਗੀ। ਇਸ ਅਦਾਲਤ ਨੇ ਇਨ੍ਹਾਂ ਪੈਰਿਆਂ ਵਿੱਚ ਇਹ ਫੈਸਲਾ ਦਿੱਤਾ ਹੈ:

> ‘‘33. ਪਸ਼ੂ ਕਰੂਰਤਾ ਰੋਕਣ ਵਾਲਾ ਅਧਿਨਿਯਮ ਇੱਕ ਭਲਾਈ ਦਾ ਕਾਨੂੰਨ ਹੈ ਜਿਸ ਨੂੰ ਅਧਿਨਿਯਮ ਦੇ ਉਦੇਸ਼ ਅਤੇ ਮੰਤਵ ਅਤੇ ਰਾਜ ਦੀ ਨੀਤੀ ਦੇ ਨਿਦੇਸ਼ਕ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਝਿਆ ਜਾਣਾ ਚਾਹੀਦਾ ਹੈ। ਇਹ ਸਪਸ਼ਟ ਕਾਨੂੰਨ ਹੈ ਕਿ ਭਲਾਈ ਦੇ ਕਾਨੂੰਨ ਦੇ ਮਾਮਲਿਆਂ ਵਿੱਚ, ਕਮਜ਼ੋਰ ਅਤੇ ਬਿਮਾਰ ਦੇ ਹੱਕ ਵਿੱਚ ਕਾਨੂੰਨ ਦੀਆਂ ਪ੍ਰਾਵਧਾਨਾਂ ਨੂੰ ਉਦਾਰਤਾ ਪੂਰਵਕ ਸਮਝਿਆ ਜਾਣਾ ਚਾਹੀਦਾ ਹੈ। ਅਦਾਲਤ ਨੂੰ ਵੀ ਚੌਕਸ ਰਹਿਣਾ ਚਾਹੀਦਾ ਹੈ ਕਿ ਅਜਿਹੇ ਉਪਚਾਰਾਤਮਕ ਅਤੇ ਭਲਾਈ ਦੇ ਕਾਨੂੰਨਾਂ ਦੁਆਰਾ ਦਿੱਤੇ ਗਏ ਲਾਭਾਂ ਨੂੰ ਬਾਰੀਕ ਯੁਕਤੀਆਂ ਨਾਲ ਹਰਾਇਆ ਨਾ ਜਾਵੇ। ਅਦਾਲਤ ਦਾ ਇਹ ਫਰਜ਼ ਹੈ ਕਿ ਹਰ ਉਸ ਮਾਮਲੇ ਵਿੱਚ ਜਿੱਥੇ ਚਤੁਰਾਈ ਨਾਲ ਭਲਾਈ ਦੇ ਕਾਨੂੰਨਾਂ ਤੋਂ ਬਚਣ ਲਈ ਉਪਾਅ ਕੀਤੇ ਜਾਂਦੇ ਹਨ, ਧੂੰਏ ਦੇ ਪਰਦੇ ਨੂੰ ਪਾਰ ਕਰਕੇ ਅਸਲ ਹਾਲਤ ਦਾ ਪਤਾ ਲਗਾਵੇ। ਅਦਾਲਤ ਰੂਪ ਨੂੰ ਛੱਡ ਕੇ ਯੁਕਤੀ ਦੀ ਅਸਲੀਅਤ ਨੂੰ ਦੇਖ ਸਕਦੀ ਹੈ ਅਤੇ ਇਸਦੇ ਪਰਦੇ ਨੂੰ ਭੇਦਣਾ ਪਵੇਗਾ ਅਤੇ ਜਾਂਚਣਾ ਪਵੇਗਾ ਕਿ ਕੀ ਦਿਸ਼ਾ-ਨਿਰਦੇਸ਼ ਜਾਂ ਨਿਯਮਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਉਹ ਜਾਨਵਰਾਂ ਦੀ ਭਲਾਈ ਦੇ ਬਜਾਏ ਕੁਝ ਹੋਰ ਉਦੇਸ਼ ਹਾਸਲ ਕਰਨ ਲਈ ਹਨ। ਨਿਯਮਾਂ ਜਾਂ ਦਿਸ਼ਾ-ਨਿਰਦੇਸ਼, ਚਾਹੇ ਕਾਨੂੰਨੀ ਹੋਣ ਜਾਂ ਨਾ ਹੋਣ, ਜੇਕਰ ਉਹ ਭਲਾਈ ਦੇ ਕਾਨੂੰਨ ਅਤੇ ਸੰਵਿਧਾਨਕ ਸਿਧਾਂਤਾਂ ਨੂੰ ਘਟਾਉਣ ਜਾਂ ਹਰਾਉਣ ਦਾ ਪ੍ਰਯੋਜਨ ਕਰਦੇ ਹਨ, ਤਾਂ ਅਦਾਲਤ ਨੂੰ ਉਹਨਾਂ ਨੂੰ ਮੁਕਾਉਣ ਵਿੱਚ ਹਿਚਕਿਚਾਉਣਾ ਨਹੀਂ ਚਾਹੀਦਾ ਤਾਂ ਜੋ ਭਲਾਈ ਦੇ ਕਾਨੂੰਨ ਦੇ ਮੂਲ ਉਦੇਸ਼ ਅਤੇ ਮਕਸਦ ਨੂੰ ਹਾਸਲ ਕੀਤਾ ਜਾ ਸਕੇ। ਅਦਾਲਤ ਦਾ ਦੇਸ਼ ਦੇ ਮਾਤਾ–ਪਿਤਾ ਦੇ ਸਿਧਾਂਤ ਅਧੀਨ ਇਹ ਵੀ ਫਰਜ਼ ਹੈ ਕਿ ਉਹ ਜਾਨਵਰਾਂ ਦੇ ਹੱਕਾਂ ਦੀ ਦੇਖਭਾਲ ਕਰੇ, ਕਿਉਂਕਿ ਉਹ ਇਨਸਾਨਾਂ ਦੇ ਖਿਲਾਫ ਆਪਣੇ ਆਪ ਦੀ ਦੇਖਭਾਲ ਕਰਨ ਦੇ ਯੋਗ ਨਹੀਂ ਹਨ।’’

Xxxxxxx

“37. ਧਾਰਾ 11 ਆਮ ਤੌਰ ਤੇ ਪਸ਼ੂਆਂ ਨਾਲ ਕਰੂਰਤਾ ਨਾਲ ਨਿਪਟਦੀ ਹੈ। ਧਾਰਾ 11 ਜੱਲੀਕੱਟੂ/ਬੈਲਗੱਡੀ ਦੀ ਦੌੜ ਕਰਵਾਉਣ ਵਾਲੇ ਪ੍ਰਬੰਧਕਾਂ ਨੂੰ ਕੋਈ ਹੱਕ ਨਹੀਂ ਦਿੰਦੀ। ਧਾਰਾ 11 ਇੱਕ ਲਾਭਕਾਰੀ ਪ੍ਰਾਵਧਾਨ ਹੈ ਜੋ ਪਸ਼ੂਆਂ ਦੀ ਭਲਾਈ ਅਤੇ ਸੁਰੱਖਿਆ ਲਈ ਬਣਾਇਆ ਗਿਆ ਹੈ ਅਤੇ ਇਹ ਦੰਡਾਤਮਕ ਕਿਸਮ ਦਾ ਹੈ। ਦੰਡਾਤਮਕ ਹੋਣ ਕਾਰਨ, ਇਹ ਜਾਨਵਰਾਂ ਨੂੰ ਹੱਕ ਦਿੰਦੀ ਹੈ ਅਤੇ ਸਾਰੇ ਵਿਅਕਤੀਆਂ, ਜਿਨ੍ਹਾਂ ਵਿੱਚ ਉਹ ਵੀ ਸ਼ਾਮਲ ਹਨ ਜੋ ਪਸ਼ੂਆਂ ਦੀ ਦੇਖਭਾਲ ਜਾਂ ਸੰਭਾਲ ਕਰਦੇ ਹਨ, ਭਾਰਤ ਦਾ ਪਸ਼ੂ ਭਲਾਈ ਬੋਰਡ ਆਦਿ, ਉਪਰ ਉਹਨਾਂ ਦੀ ਭਲਾਈ ਅਤੇ ਸੁਰੱਖਿਆ ਦੀ ਦੇਖਭਾਲ ਕਰਨ ਦੇ ਫਰਜ਼ ਲਗਾਉਂਦੀ ਹੈ।”

Xxxxxx

“41. ਧਾਰਾ 11(3) ਪੰਜ ਕਿਸਮਾਂ ਦੇ ਮਾਮਲਿਆਂ ਵਿੱਚ ਅਪਵਾਦ ਬਣਾਉਂਦੀ ਹੈ ਜੋ ਕਿ ਧਾਰਾ 11(3) (ਓ) ਤੋਂ (ਹ) ਵਿੱਚ ਦਰਸਾਏ ਗਏ ਹਨ, ਜੋ ਇਸ ਤਰ੍ਹਾਂ ਹਨ:

“11. (3) ਇਸ ਧਾਰਾ ਵਿੱਚ ਲਿਖਿਆ ਕੁਝ ਵੀ ਲਾਗੂ ਨਹੀਂ ਹੋਵੇਗਾ—

(ਓ) ਪਸ਼ੂਆਂ ਦੇ ਸਿੰਗ ਕੱਟਣਾ, ਜਾਂ ਕਿਸੇ ਪਸ਼ੂ ਦਾ ਨਸਬੰਦੀ ਜਾਂ ਚਿੰਨ੍ਹਣ ਜਾਂ ਨੱਕ ਰੱਸੀ ਲਾਉਣਾ, ਨਿਰਧਾਰਿਤ ਤਰੀਕੇ ਅਨੁਸਾਰ; ਜਾਂ

(ਅ) ਬੇਘਰ ਕੁੱਤਿਆਂ ਦਾ ਘਾਤਕ ਚੈਂਬਰਾਂ ਵਿੱਚ ਜਾਂ ਕਿਸੇ ਹੋਰ ਨਿਰਧਾਰਿਤ ਤਰੀਕੇ ਨਾਲ ਵਿਨਾਸ਼ ਕਰਨਾ; ਜਾਂ

(ਏ) ਕਿਸੇ ਪਸ਼ੂ ਦਾ ਵਿਨਾਸ਼ ਜਾਂ ਖ਼ਾਤਮਾ ਕਰਨਾ, ਕਿਸੇ ਵੀ ਕਾਨੂੰਨ ਦੇ ਅਧਿਕਾਰ ਅਧੀਨ ਜੋ ਉਸ ਸਮੇਂ ਲਾਗੂ ਹੋਵੇ; ਜਾਂ

(ਸ) ਚੌਥੇ ਅਧਿਆਇ ਵਿੱਚ ਨਿਪਟਾਏ ਗਏ ਕਿਸੇ ਵੀ ਮਾਮਲੇ; ਜਾਂ

(ਹ) ਮਨੁੱਖਤਾ ਲਈ ਭੋਜਨ ਵਜੋਂ ਕਿਸੇ ਪਸ਼ੂ ਦੇ ਨਾਸ ਜਾਂ ਨਾਸ ਲਈ ਤਿਆਰੀ ਦੌਰਾਨ ਕੁਝ ਕਰਨਾ ਜਾਂ ਕੁਝ ਨਾ ਕਰਨਾ, ਜੇਕਰ ਅਜਿਹਾ ਵਿਨਾਸ਼ ਜਾਂ ਤਿਆਰੀ ਗੈਰਜ਼ਰੂਰੀ ਦਰਦ ਜਾਂ ਪੀੜ ਦੇ ਨਾਲ ਹੋਈ ਹੋਵੇ।”

ਅਪਵਾਦਾਂ ਨੂੰ “ਜ਼ਰੂਰਤ ਦੇ ਸਿਧਾਂਤ” ਦੇ ਅਧਾਰ ਤੇ ਸ਼ਾਮਲ ਕੀਤਾ ਗਿਆ ਹੈ। ਧਾਰਾ 11(3) ਦੇ ਖੰਡ (ਅ) ਬੇਘਰ ਕੁੱਤਿਆਂ ਦੇ ਵਿਨਾਸ਼ ਨਾਲ ਨਿਪਟਦੀ ਹੈ, ਜਰੂਰਤ ਦੇ ਆਧਾਰ ਤੇ, ਨਹੀਂ ਤਾਂ ਇਹ ਇਨਸਾਨਾਂ ਲਈ ਨੁਕਸਾਨਦੇਹ ਹੋ ਸਕਦੇ ਹਨ। ਧਾਰਾ 11(3) ਦੇ ਖੰਡ (ਸ) ਚੌਥੇ ਅਧਿਆਇ ਵਿੱਚ ਨਿਪਟਾਏ ਗਏ ਮਾਮਲਿਆਂ ਨਾਲ ਨਿਪਟਦੀ ਹੈ, ਜਿਸ ਨੂੰ ਜ਼ਰੂਰਤ ਦੇ ਅਧਾਰ ਤੇ ਸ਼ਾਮਲ ਕੀਤਾ ਗਿਆ ਹੈ, ਜੋ ਪਸ਼ੂਆਂ ਤੇ ਪ੍ਰਯੋਗ ਕਰਨ ਨਾਲ ਨਿਪਟਦਾ ਹੈ, ਜੋ ਸ਼ਰੀਰਕ ਜਾਣਕਾਰੀ ਜਾਂ ਅਜਿਹੀ ਜਾਣਕਾਰੀ ਦੀ ਨਵੀਂ ਖੋਜ ਦੁਆਰਾ ਤਰੱਕੀ

ਲਈ ਹੈ ਜੋ ਜ਼ਿੰਦਗੀ ਨੂੰ ਬਚਾਉਣ ਜਾਂ ਲੰਬਾ ਕਰਨ ਲਈ ਜਾਂ ਪੀੜ ਨੂੰ ਘਟਾਉਣ ਲਈ ਲਾਭਦਾਇਕ ਹੋਵੇਗੀ ਜਾਂ ਕਿਸੇ ਵੀ ਬਿਮਾਰੀ ਨਾਲ ਲੜਨ ਲਈ, ਚਾਹੇ ਉਹ ਇਨਸਾਨਾਂ, ਪਸ਼ੂਆਂ ਜਾਂ ਬੂਟਿਆਂ ਦੀ ਹੋਵੇ, ਜੋ ਮਨਾਹੀ ਨਹੀਂ ਹੈ ਅਤੇ ਕਾਨੂੰਨੀ ਹੈ। ਧਾਰਾ 11(3) ਦੇ ਖੰਡ (ਹ) ਮਨੁੱਖਤਾ ਲਈ ਖਾਣ ਵਜੋਂ ਪਸ਼ੂਆਂ ਦੇ ਮਾਰਨ ਦੀ ਇਜਾਜ਼ਤ ਦਿੰਦੀ ਹੈ, ਬੇਸ਼ੱਕ, ਬਿਨਾਂ ਕਿਸੇ ਗੈਰਜ਼ਰੂਰੀ ਦਰਦ ਜਾਂ ਪੀੜ ਦੇ, ਜੋ ਖੰਡ ਵੀ "ਜ਼ਰੂਰਤ ਦੇ ਆਧਾਰ ਤੇ" ਸ਼ਾਮਲ ਕੀਤੀ ਗਈ ਹੈ। ਪਸ਼ੂਆਂ ਤੇ ਪ੍ਰਯੋਗ ਕਰਨਾ ਅਤੇ ਉਹਨਾਂ ਦਾ ਮਾਸ ਖਾਣਾ ਸਾਡੇ ਸਮਾਜ ਵਿੱਚ ਪ੍ਰਜਾਤੀਵਾਦ ਦੇ ਦੋ ਮੁੱਖ ਰੂਪ ਦੱਸੇ ਗਏ ਹਨ। ਇਸ ਤੋਂ ਉਪਰ, ਵਿਧਾਨ ਮੰਡਲ ਨੇ ਧਾਰਾ 28 ਦੇ ਅਧਿਕਾਰ ਦੁਆਰਾ, ਕਿਸੇ ਵੀ ਭਾਈਚਾਰੇ ਦੇ ਧਰਮ ਦੁਆਰਾ ਲੋੜੀਂਦੇ ਤਰੀਕੇ ਨਾਲ ਪਸ਼ੂਆਂ ਦੀ ਹੱਤਿਆ ਨੂੰ ਪਸੰਦ ਕੀਤਾ ਹੈ। ਮਨੋਰੰਜਨ, ਪ੍ਰਦਰਸ਼ਨ ਜਾਂ ਦਿਲਪਰਚਾਵਾ ਇਨ੍ਹਾਂ ਛੋਟਾਂ ਵਾਲੀਆਂ ਸ਼੍ਰੇਣੀਆਂ ਵਿੱਚ ਨਹੀਂ ਆਉਂਦੇ ਅਤੇ ਨਾ ਹੀ ਇਹਨਾਂ ਦਾ ਜ਼ਰੂਰਤ ਦੇ ਸਿਧਾਂਤ ਦੇ ਅਧੀਨ ਕਿਸੇ ਹੱਕ ਵਜੋਂ ਦਾਅਵਾ ਕੀਤਾ ਜਾ ਸਕਦਾ ਹੈ।"

Xxxxx

"44. ਇਸ ਲਈ, ਸਾਡੇ ਵਿਚਾਰ ਵਿੱਚ, ਬੈਲ ਕਰਤਬ ਦਿਖਾਉਣ ਵਾਲੇ ਜਾਨਵਰ ਨਹੀਂ ਹੋ ਸਕਦੇ, ਸਰੀਰਕ ਬਣਤਰ ਵਜੋਂ ਵੀ ਇਸ ਲਈ ਨਹੀਂ ਬਣਾਏ ਗਏ, ਪਰ ਉਹਨਾਂ ਨੂੰ ਕਰਤਬ ਦਿਖਾਉਣ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ, ਪੀੜ ਅਤੇ ਦੁੱਖ ਦਿੱਤਾ ਜਾਂਦਾ ਹੈ, ਜੋ ਪਸ਼ੂ ਕਰੂਰਤਾ ਰੋਕਣ ਵਾਲੇ ਕਾਨੂੰਨ ਦੀ ਧਾਰਾ 3 ਅਤੇ ਧਾਰਾ 11(1) ਦੀ ਪੂਰੀ ਉਲੰਘਣਾ ਹੈ। ਪਸ਼ੂ ਕਰੂਰਤਾ ਰੋਕਣ ਵਾਲੇ ਕਾਨੂੰਨ ਦਾ ਪੰਜਵਾਂ ਅਧਿਆਇ ਕਰਤਬ ਦਿਖਾਉਣ ਵਾਲੇ ਜਾਨਵਰਾਂ ਨਾਲ ਨਿਪਟਦਾ ਹੈ। ਪਸ਼ੂ ਕਰੂਰਤਾ ਰੋਕਣ ਵਾਲੇ ਕਾਨੂੰਨ ਦੀ ਧਾਰਾ 22 ਕਰਤਬ ਦਿਖਾਉਣ ਵਾਲੇ ਜਾਨਵਰਾਂ ਦੇ ਪ੍ਰਦਰਸ਼ਨ ਅਤੇ ਸਿਖਲਾਈ ਉੱਤੇ ਪਾਬੰਦੀ ਲਾਉਂਦੀ ਹੈ, ਜੋ ਇਸ ਤਰ੍ਹਾਂ ਹੈ:

"22। ਕਰਤਬ ਦਿਖਾਉਣ ਵਾਲੇ ਜਾਨਵਰਾਂ ਦੇ ਪ੍ਰਦਰਸ਼ਨ ਅਤੇ ਸਿਖਲਾਈ ਉੱਤੇ ਪਾਬੰਦੀ — ਕੋਈ ਵੀ ਵਿਅਕਤੀ ਪ੍ਰਦਰਸ਼ਨ ਜਾਂ ਸਿਖਲਾਈ ਨਹੀਂ ਕਰਵਾਏਗਾ—

(i) ਕੋਈ ਵੀ ਕਰਤਬ ਦਿਖਾਉਣ ਵਾਲਾ ਜਾਨਵਰ, ਜਦ ਤੱਕ ਉਹ ਇਸ ਅਧਿਆਇ ਦੇ ਪ੍ਰਾਵਧਾਨਾਂ ਅਨੁਸਾਰ ਰਜਿਸਟਰਡ ਨਾ ਹੋਵੇ;

(ii) ਇੱਕ ਕਰਤਬ ਦਿਖਾਉਣ ਵਾਲੇ ਜਾਨਵਰ ਵਜੋਂ, ਕੋਈ ਵੀ ਜਾਨਵਰ ਜਿਸਨੂੰ ਕੇਂਦਰੀ ਸਰਕਾਰ ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਦੁਆਰਾ ਅਜਿਹੇ ਜਾਨਵਰ ਵਜੋਂ ਨਿਰਧਾਰਿਤ ਕਰ ਸਕਦੀ ਹੈ ਜਿਸਨੂੰ ਕਰਤਬ ਦਿਖਾਉਣ ਵਾਲੇ ਜਾਨਵਰ ਵਜੋਂ ਪ੍ਰਦਰਸ਼ਿਤ ਜਾਂ ਸਿਖਲਾਈ ਨਹੀਂ ਦਿੱਤੀ ਜਾਵੇਗੀ।"

Xxxxx

“53. ਟੀਐਨਆਰਜੇ ਅਧਿਨਿਯਮ ਦੇ ਉਦੇਸ਼ ਅਤੇ ਕਾਰਣਾਂ ਦੇ ਬਿਆਨ ਵਿੱਚ ਪ੍ਰਾਚੀਨ ਸਭਿਆਚਾਰ ਅਤੇ ਪਰੰਪਰਾ ਦਾ ਜ਼ਿਕਰ ਹੈ ਅਤੇ ਇਸ ਵਿੱਚ ਇਹ ਨਹੀਂ ਦੱਸਿਆ ਗਿਆ ਹੈ ਕਿ ਇਸਦਾ ਕੋਈ ਧਾਰਮਿਕ ਮਹੱਤਵ ਹੈ। ਭਾਵੇਂ ਪ੍ਰਾਚੀਨ ਸਭਿਆਚਾਰ ਅਤੇ ਪਰੰਪਰਾ ਵੀ ਜੱਲੀਕੱਟੂ ਜਾਂ ਬੈਲਗੱਡੀ ਦੌੜ ਦੇ ਸੰਚਾਲਨ ਨੂੰ ਸਮਰਥਨ ਨਹੀਂ ਦਿੰਦੀਆਂ, ਜਿਵੇਂ ਕਿ ਉਹ ਅਜੋਕੇ ਸਮੇਂ ਵਿੱਚ ਕਰਵਾਏ ਜਾ ਰਹੇ ਹਨ। ਬੈਲ ਦੀ ਭਲਾਈ ਅਤੇ ਖੈਰ-ਖਵਾਹੀ ਤਾਮਿਲ ਸਭਿਆਚਾਰ ਅਤੇ ਪਰੰਪਰਾ ਹੈ, ਉਹ ਬੈਲਾਂ ਤੇ ਕਿਸੇ ਵੀ ਦਰਦ ਜਾਂ ਪੀੜ ਦੇ ਦੁਰੁਪਯੋਗ ਨੂੰ ਮਨਜ਼ੂਰੀ ਨਹੀਂ ਦਿੰਦੇ, ਉਲਟਾ, ਤਾਮਿਲ ਪਰੰਪਰਾ ਅਤੇ ਸਭਿਆਚਾਰ ਵਿੱਚ ਬੈਲ ਨੂੰ ਪੂਜਣਾ ਅਤੇ ਬੈਲ ਹਮੇਸ਼ਾ ਭਗਵਾਨ ਸ਼ਿਵ ਦੇ ਵਾਹਨ ਵਜੋਂ ਮੰਨਿਆ ਜਾਂਦਾ ਹੈ। ਤਾਮਿਲ ਪਰੰਪਰਾ ਵਿੱਚ, ਏਰੁ ਤਾਜ਼ੁਵੁ ਦਾ ਮਤਲਬ ਹੈ ਬੈਲਾਂ ਨੂੰ ਗਲੇ ਲਗਾਉਣਾ ਅਤੇ ਬੈਲ ਨੂੰ ਹਰਾਉਣਾ ਨਹੀਂ, ਬਲਕਿ ਮਨੁੱਖੀ ਬਹਾਦਰੀ ਦਿਖਾਉਣਾ। ਜੱਲੀਕੱਟੂ ਦਾ ਮਤਲਬ ਹੈ, ਬੈਲ ਦੇ ਸਿੰਗਾਂ ਤੇ ਬੰਨ੍ਹੇ ਚਾਂਦੀ ਜਾਂ ਸੋਨੇ ਦੇ ਸਿੱਕੇ ਅਤੇ ਪੁਰਾਣੇ ਦਿਨਾਂ ਵਿੱਚ ਜਿਹੜਾ ਵੀ ਬੈਲ ਦੇ ਸਿੰਗਾਂ ਤੇ ਲੱਗੇ ਪੈਸੇ ਨੂੰ ਪ੍ਰਾਪਤ ਕਰਦਾ ਸੀ, ਉਹ ਮਾਲਕ ਦੀ ਧੀ ਨਾਲ ਵਿਆਹ ਕਰਦਾ ਸੀ। ਜੱਲੀਕੱਟੂ ਜਾਂ ਬੈਲਗੱਡੀ ਦੌੜ, ਜਿਵੇਂ ਕਿ ਹੁਣ ਅਭਿਆਸ ਕੀਤਾ ਜਾ ਰਿਹਾ ਹੈ, ਕਦੇ ਵੀ ਤਾਮਿਲਨਾਡੂ ਦੀ ਪਰੰਪਰਾ ਜਾਂ ਸਭਿਆਚਾਰ ਨਹੀਂ ਰਹੀ ਹੈ।”

Xxxxxx

“73. ਜੱਲੀਕੱਟੂ ਅਤੇ ਬੈਲਾਂ ਦੀਆਂ ਹੋਰ ਦੌੜਾਂ, ਜਿਵੇਂ ਕਿ ਵੱਖ ਵੱਖ ਰਿਪੋਰਟਾਂ ਦਰਸਾਉਂਦੀਆਂ ਹਨ, ਬੈਲਾਂ ਨੂੰ ਕਾਫੀ ਦਰਦ, ਤਣਾਅ ਅਤੇ ਦਬਾਅ ਦਿੰਦੀਆਂ ਹਨ। ਅਜਿਹੇ ਸਮਾਗਮਾਂ ਵਿੱਚ, ਬੈਲ ਨਾ ਸਿਰਫ ਆਪਣਾ ਸਿਰ ਹਿਲਾਉਂਦੇ ਹਨ ਜਿਸ ਨਾਲ ਇਹ ਦਰਸਾਉਂਦਾ ਹੈ ਕਿ ਉਹ ਅਖਾੜੇ ਵਿੱਚ ਜਾਣਾ ਨਹੀਂ ਚਾਹੁੰਦੇ, ਪਰ ਵਾਡੀ ਵਸਾਲ ਵਿੱਚ ਦਿੱਤਾ ਗਿਆ ਦਰਦ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਹਨਾਂ ਕੋਲ ਕੋਈ ਚੋਣ ਨਹੀਂ ਹੁੰਦੀ ਸਿਵਾਏ ਇਸ ਦੇ ਕਿ ਉਹ ਅਜਿਹੀ ਸਥਿਤੀ ਵੱਲ ਭੱਜਣ ਲਈ ਮਜਬੂਰ ਹੋ ਜਾਣ ਜੋ ਉਹਨਾਂ ਲਈ ਵਿਰੋਧੀ ਹੁੰਦੀ ਹੈ। ਉਸ ਸਥਿਤੀ ਵਿੱਚ, ਬੈਲ ਤਣਾਅਗ੍ਰਸਤ, ਥੱਕੇ ਹੋਏ, ਜ਼ਖਮੀ ਅਤੇ ਅਪਮਾਨਿਤ ਹੁੰਦੇ ਹਨ। ਬੈਲਾਂ ਦੀ ਖਿੱਝ ਉਹਨਾਂ ਦੀ ਆਵਾਜ਼ ਅਤੇ ਬੈਲਾਂ ਦੇ ਚਿਹਰੇ ਦੇ ਭਾਵਾਂ ਨੂੰ ਦੇਖ ਕੇ ਸਪਸ਼ਟ ਦਿਸਦੀ ਹੈ, ਅਤੇ ਬੈਲਾਂ ਦੀ ਪੀੜ ਨੂੰ ਇੱਕ ਇੱਥੋਲੋਜਿਸਟ ਜਾਂ ਆਮ ਆਦਮੀ ਆਸਾਨੀ ਨਾਲ ਮਹਿਸੂਸ ਕਰ ਸਕਦਾ ਹੈ। ਬੈਲ ਜੋ ਆਮ ਤੌਰ ਤੇ ਬਹੁਤ ਸ਼ਾਂਤ ਜਾਨਵਰ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਮਨੁੱਖੀ ਵਰਤੋਂ ਅਤੇ ਜ਼ਰੂਰਤ

ਲਈ ਸਮਰਪਿਤ ਕਰਦੇ ਹਨ, ਪਰ ਉਹਨਾਂ ਨੂੰ ਅਜਿਹੀ ਅਜ਼ਮਾਇਸ਼ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਨਾ ਸਿਰਫ ਉਹਨਾਂ ਤੇ ਗੰਭੀਰ ਪੀੜ ਪਾਉਂਦੀ ਹੈ ਸਗੋਂ ਉਹਨਾਂ ਨੂੰ ਅਜਿਹੇ ਤਰੀਕਿਆਂ ਵਿੱਚ ਵਿਹਾਰ ਕਰਨ ਲਈ ਮਜਬੂਰ ਵੀ ਕਰਦੀ ਹੈ, ਭਾਵ, ਉਹ ਅਜਿਹਾ ਵਿਹਾਰ ਨਹੀਂ ਕਰਦੇ, ਉਹਨਾਂ ਨੂੰ ਅਜਿਹੇ ਸਮਾਗਮ ਵਿੱਚ ਮਜਬੂਰ ਕੀਤਾ ਜਾਂਦਾ ਹੈ ਜਿਸ ਨੂੰ ਉਹ ਪਸੰਦ ਨਹੀਂ ਕਰਦੇ ਅਤੇ, ਉਸ ਪ੍ਰਕਿਰਿਆ ਵਿੱਚ, ਉਹਨਾਂ ਤੇ ਤਸ਼ੱਦਦ ਕੀਤਾ ਜਾਂਦਾ ਹੈ। ਬੈਲ ਬਿਨਾਂ ਥੱਕੇ, ਜ਼ਖਮੀ, ਤਸ਼ੱਦਦ ਜਾਂ ਅਪਮਾਨਿਤ ਹੋਏ ਬਿਨਾਂ ਕਥਿਤ ਪਰਫਾਰਮੈਂਸ ਨੂੰ ਨਹੀਂ ਨਿਭਾ ਸਕਦੇ। ਬੈਲਾਂ ਨੂੰ ਜਾਣਬੁੱਝ ਕੇ ਡਰ, ਚੋਟ—ਮਾਨਸਿਕ ਅਤੇ ਸਰੀਰਕ—ਦੀ ਚਪੇਟ ਵਿੱਚ ਪਾਇਆ ਜਾਂਦਾ ਹੈ ਅਤੇ ਮਨੁੱਖੀ ਖੁਸ਼ੀ ਅਤੇ ਮਨੋਰੰਜਨ ਲਈ ਗੈਰਜ਼ਰੂਰੀ ਤਣਾਅ ਅਤੇ ਦਬਾਅ ਵਿੱਚ ਪਾਇਆ ਜਾਂਦਾ ਹੈ, ਉਹ ਵੀ, ਇੱਕ ਅਜਿਹੀ ਪ੍ਰਜਾਤੀ ਜਿਸ ਨੇ ਆਪਣੀ ਪੂਰੀ ਜ਼ਿੰਦਗੀ ਮਨੁੱਖੀ ਲਾਭ ਲਈ ਸਮਰਪਿਤ ਕੀਤੀ ਹੈ, ਜ਼ਰੂਰਤ ਦੇ ਆਧਾਰ ਤੇ।''

12. 1960 ਦਾ ਅਧਿਨਿਯਮ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ III ਦੇ ਮੱਦ 17 ਵਿੱਚ ਸ਼ਾਮਲ ਵਿਧਾਇਕ ਸ਼ਕਤੀ ਦੇ ਅਧੀਨ ਬਣਾਇਆ ਗਿਆ ਹੈ। ਸੋਧ ਅਧਿਨਿਯਮਾਂ ਦਾ ਮੁੱਖ ਕਾਨੂੰਨ ਤੇ ਅਸਰ ਹੇਠ ਦਿੱਤੀ ਗਈ ਤੁਲਨਾਤਮਕ ਟੇਬਲ ਤੋਂ ਪ੍ਰਗਟ ਹੋਵੇਗਾ:-

ਪ੍ਰਾਵਧਾਨ	ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਐਕਟ, 1960 (ਮੂਲ ਐਕਟ)	ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਤਾਮਿਲਨਾਡੂ ਸੋਧ) ਐਕਟ, 2017	ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਕਰਨਾਟਕਾ ਦੂਸਰੀ ਸੋਧ) ਐਕਟ, 2017	ਪਸ਼ੂਆਂ ਪ੍ਰਤੀ ਬੇਰਹਿਮੀ ਦੀ ਰੋਕਥਾਮ (ਮਹਾਰਾਸ਼ਟਰਾ ਸੋਧ) ਐਕਟ, 2017
ਦਾਇਰਾ	ਪਸ਼ੂਆਂ ਤੇ ਗੈਰ-ਜਰੂਰੀ ਪੀੜ ਅਤੇ ਦੁੱਖ ਤੋਂ ਰੋਕਥਾਮ ਲਈ ਇੱਕ ਕਾਨੂੰਨ ਅਤੇ ਉਸ ਮਕਸਦ ਲਈ ਜਾਨਵਰਾਂ ਪ੍ਰਤੀ ਕਰੂਰਤਾ ਰੋਕਣ ਲਈ ਕਾਨੂੰਨ ਵਿੱਚ ਸੋਧ ਕਰਨ ਬਾਰੇ	ਜਾਨਵਰਾਂ ਪ੍ਰਤੀ ਕਰੂਰਤਾ ਰੋਕਣ ਲਈ ਐਕਟ, 1960 ਦੇ ਕਾਨੂੰਨ ਵਿੱਚ ਸੋਧ ਕਰਨ ਬਾਰੇ ਤਾਂ ਜੋ ਤਾਮਿਲਨਾਡੂ ਰਾਜ ਦੀ ਸਭਿਆਚਾਰਕ ਵਿਰਾਸਤ ਨੂੰ ਬਣਾ ਕੇ ਰਖਿਆ ਜਾ ਸਕੇ ਅਤੇ ਸਾਨ੍ਹਾਂ ਦੀ ਦੇਸੀ ਨਸਲ ਨੂੰ ਜਿਉਂਦੇ ਬਚਾਏ ਰਖਣ ਅਤੇ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ	ਜਾਨਵਰਾਂ ਪ੍ਰਤੀ ਕਰੂਰਤਾ ਰੋਕਣ ਲਈ ਐਕਟ, 1960 ਦੇ ਕਾਨੂੰਨ ਵਿੱਚ ਸੋਧ ਕਰਨ ਬਾਰੇ ਜਿਸ ਤਰ੍ਹਾਂ ਇਹ ਕਰਨਾਟਕਾ ਰਾਜ ਤੇ ਲਾਗੂ ਹੁੰਦਾ ਹੈ	ਜਾਨਵਰਾਂ ਪ੍ਰਤੀ ਕਰੂਰਤਾ ਰੋਕਣ ਲਈ ਐਕਟ, 1960 ਦੇ ਕਾਨੂੰਨ ਵਿੱਚ ਸੋਧ ਕਰਨ ਬਾਰੇ ਜਿਸ ਤਰ੍ਹਾਂ ਇਹ ਮਹਾਰਾਸ਼ਟਰਾ ਰਾਜ ਤੇ ਲਾਗੂ ਹੁੰਦਾ ਹੈ
ਧਾਰਾ 2	ਇਸ ਐਕਟ ਵਿੱਚ, ਜੇ ਪ੍ਰਸੰਗ ਅਨੁਸਾਰ ਲੋੜ ਨਾ ਹੋਵੇ, (ਓ) ''ਜਾਨਵਰ" ਦਾ ਮਤਲਬ ਹੈ ਕੋਈ ਵੀ ਜੀਵਿਤ ਜੀਵ ਜੋ ਮਨੁੱਖ ਨਹੀਂ ਹੈ; [(ਅ) ''ਬੋਰਡ" ਦਾ ਮਤਲਬ ਹੈ ਧਾਰਾ 4 ਅਧੀਨ ਸਥਾਪਿਤ ਬੋਰਡ, ਅਤੇ ਸਮੇਂ-ਸਮੇਂ ਤੇ ਧਾਰਾ 5[ਅਧੀਨ ਮੁੜ ਸੰਗਠਿਤ; (ਏ) ''ਕੈਦੀ ਜਾਨਵਰ" ਦਾ ਮਤਲਬ	ਜਾਨਵਰਾਂ ਦੇ ਅਤਿਆਚਾਰ ਦੀ ਰੋਕਥਾਮ ਐਕਟ, 1960 ਦੀ ਧਾਰਾ 2 ਵਿੱਚ (ਇੱਥੇ ਮੁੱਖ ਐਕਟ ਕਹਿਣ ਲਈ), ਖੰਡ (ਸ) ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:— ''(ਸਸ) 'ਜੱਲੀਕੱਟੂ' ਦਾ ਮਤਲਬ ਹੈ ਕੈਲੰਡਰ ਵਰ੍ਹੇ ਦੇ ਜਨਵਰੀ ਤੋਂ ਮਈ ਮਹੀਨਿਆਂ ਦੇ	1960 ਦੇ ਜਾਨਵਰਾਂ ਦੇ ਅਤਿਆਚਾਰ ਦੀ ਰੋਕਥਾਮ ਐਕਟ (ਕੇਂਦਰੀ ਐਕਟ 59 ਦੇ 1960) ਦੀ ਧਾਰਾ 2 ਵਿੱਚ (ਇੱਥੇ ਮੁੱਖ ਐਕਟ ਕਹਿਣ ਲਈ), (ਘ) ਧਾਰਾ (ਓ) ਤੋਂ ਬਾਅਦ, ਨਿਮਨਲਿਖਤ ਪਾਏ ਜਾਣਗੇ, ਅਰਥਾਤ:--- (ਓ) ''ਬੈਲ ਦੌੜ ਜਾਂ ਬੈਲਗੱਡੀ ਦੌੜ" ਦਾ ਮਤਲਬ ਹੈ ਬੈਲਾਂ ਦੀ ਕੋਈ	1960 ਦੇ ਜਾਨਵਰਾਂ ਦੇ ਅਤਿਆਚਾਰ ਦੀ ਰੋਕਥਾਮ ਐਕਟ (59 ਦੇ 1960) ਦੀ ਧਾਰਾ 2 ਵਿੱਚ, ਜਿਵੇਂ ਕਿ ਮਹਾਰਾਸ਼ਟਰ ਰਾਜ ਦੇ ਲਾਗੂ ਹੋਣ ਵਿੱਚ (ਇੱਥੇ "ਮੁੱਖ ਐਕਟ" ਕਹਿਣ ਲਈ), ਧਾਰਾ (ਲ) ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਨਾਮਤ:-- ''(ਲਲ) ''ਬੈਲਗੱਡੀ ਦੌੜ'' ਦਾ

	ਹੈ ਕੋਈ ਵੀ ਜਾਨਵਰ (ਜੋ ਘਰੇਲੂ ਜਾਨਵਰ ਨਹੀਂ ਹੈ) ਜੋ ਕੈਦ ਜਾਂ ਬੰਦੀ ਵਿੱਚ ਹੈ, ਚਾਹੇ ਸਥਾਈ ਜਾਂ ਅਸਥਾਈ, ਜਾਂ ਜਿਸ ਨੂੰ ਕੈਦ ਜਾਂ ਬੰਦੀ ਤੋਂ ਬਚਣ ਲਈ ਕਿਸੇ ਉਪਕਰਣ ਜਾਂ ਜੁਗਾੜ ਅਧੀਨ ਕੀਤਾ ਗਿਆ ਹੈ ਜਾਂ ਜੋ ਬੰਨ੍ਹਿਆ ਗਿਆ ਹੈ ਜਾਂ ਜੋ ਹੈ ਜਾਂ ਜੋ ਮਾਈਮ ਲੱਗਦਾ ਹੈ; (ਸ) ''ਘਰੇਲੂ ਜਾਨਵਰ" ਦਾ ਮਤਲਬ ਹੈ ਕੋਈ ਵੀ ਜਾਨਵਰ ਜੋ ਪਾਲਤੂ ਹੈ ਜਾਂ ਜੋ ਮਨੁੱਖ ਦੇ ਕਿਸੇ ਕੰਮ ਲਈ ਪਾਲਤੂ ਬਣਾਇਆ ਗਿਆ ਹੈ ਜਾਂ ਬਣਾਇਆ ਜਾ ਰਿਹਾ ਹੈ, ਜਾਂ ਭਾਵੇਂ ਉਹ ਨਾ ਤਾਂ ਪਾਲਤੂ ਬਣਾਇਆ ਗਿਆ ਹੈ ਅਤੇ ਨਾ ਹੀ ਬਣਾਇਆ ਜਾ ਰਿਹਾ ਹੈ ਨਾ ਹੀ ਅਜਿਹਾ ਕਰਨ ਦਾ ਇਰਾਦਾ ਹੈ, ਪਰ ਉਹ ਪੂਰਾ ਜਾਂ ਕੁਝ ਹਿੱਸਾ ਪਾਲਤੂ ਬਣ ਚੁੱਕਾ ਹੈ; (ਹ) ''ਸਥਾਨਕ ਅਥਾਰਿਟੀ" ਦਾ ਮਤਲਬ ਹੈ ਮਿਉਂਸਿਪਲ ਕਮੇਟੀ, ਜ਼ਿਲ੍ਹਾ ਬੋਰਡ ਜਾਂ ਕੋਈ ਹੋਰ ਅਥਾਰਿਟੀ ਜੋ ਕਾਨੂੰਨ ਅਨੁਸਾਰ ਕਿਸੇ ਨਿਰਧਾਰਿਤ ਸਥਾਨਕ ਖੇਤਰ ਵਿੱਚ ਕਿਸੇ ਵੀ ਮਾਮਲੇ ਦੇ ਨਿਯੰਤਰਣ ਅਤੇ ਪ੍ਰਬੰਧਨ ਲਈ ਮੌਜੂਦਾ ਸਮੇਂ ਵਿੱਚ ਨਿਵੇਸ਼ਿਤ ਹੈ। (ਕ) ''ਮਾਲਿਕ", ਜਾਨਵਰ ਦੇ ਸੰਦਰਭ ਵਿੱਚ ਵਰਤੇ ਗਏ, ਨਾ ਸਿਰਫ ਮਾਲਿਕ ਨੂੰ ਹੀ ਦਰਸਾਉਂਦਾ ਹੈ ਬਲਕਿ ਕਿਸੇ ਹੋਰ ਵਿਅਕਤੀ ਨੂੰ ਵੀ ਜੋ ਉਸ ਸਮੇਂ ਜਾਨਵਰ ਦੀ ਕਬਜ਼ੇ ਜਾਂ ਸੰਭਾਲ ਵਿੱਚ ਹੈ, ਚਾਹੇ ਮਾਲਿਕ ਦੀ ਸਹਿਮਤੀ ਨਾਲ ਜਾਂ ਬਿਨਾ ਸਹਿਮਤੀ ਦੇਸ (ਖ) ''ਦੂਕਾ" ਜਾਂ "ਦੁਮ ਦੇਵ" ਵਿੱਚ ਕਿਸੇ ਵੀ ਪ੍ਰਕਿਰਿਆ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ ਵਿੱਚ ਹਵਾ ਜਾਂ ਕੋਈ ਪਦਾਰਥ ਨੂੰ ਦੁੱਧ ਦੇਣ ਵਾਲੇ ਜਾਨਵਰ ਦੇ ਮਾਦਾ ਅੰਗ ਵਿੱਚ ਪੇਸ਼ ਕਰਨਾ ਸ਼ਾਮਲ ਹੈ ਤਾਂ ਜੋ ਜਾਨਵਰ ਤੋਂ ਕਿਸੇ ਵੀ ਦੁੱਧ ਦੀ ਸ੍ਰਾਵ ਨੂੰ ਕੌਢਿਆ ਜਾ ਸਕੇ; (ਗ) ''ਨਿਰਧਾਰਿਤ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਨਿਰਧਾਰਿਤ; (ਘ) ''ਸੜਕ" ਵਿੱਚ ਕੋਈ ਵੀ ਰਸਤਾ, ਸੜਕ, ਗਲੀ, ਚੌਕ, ਅਦਾਲਤ, ਗਲੀ, ਰਾਹ ਜਾਂ ਖੁੱਲ੍ਹੀ ਥਾਂ ਸ਼ਾਮਲ ਹੈ, ਚਾਹੇ ਉਹ	ਦਿਨਾਂ ਵਿੱਚ ਅਤੇ ਅਜਿਹੇ ਸਥਾਨਾਂ ਤੇ ਜਿਵੇਂ ਕਿ ਰਾਜ ਸਰਕਾਰ ਦੁਆਰਾ ਸੂਚਿਤ ਕੀਤਾ ਗਿਆ ਹੋਵੇ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਲਈ ਕੀਤੇ ਗਏ ਬੈਲਾਂ ਦੇ ਸਮਾਗਮ ਨੂੰ ਕਹਿੰਦਾ ਹੈ ਅਤੇ ਇਸ ਵਿੱਚ ਮੰਜੂਵਿਰਾਟੂ, ਵਾਡਾਮਾਡੂ ਅਤੇ ਏਰੁਧੂਵਿਡੂਮਵਿਜ਼ਹਾ ਸ਼ਾਮਲ ਹਨ।"	ਵੀ ਕਿਸਮ ਦੀ ਦੌੜ ਜਿਸ ਵਿੱਚ ਬੈਲਗੱਡੀ ਦੀ ਦੌੜ ਵੀ ਸ਼ਾਮਲ ਹੈ ਜੋ ਕਿ ਰਵਾਇਤੀ ਖੇਡ ਵਜੋਂ ਬੈਲਾਂ ਨੂੰ ਲੱਕੜੀ ਦੇ ਪੰਜਾਲੀ ਨਾਲ ਗੱਡੀ ਨਾਲ ਬੰਨ੍ਹ ਕੇ ਜਾਂ ਨਾ ਬੰਨ੍ਹ ਕੇ (ਜੋ ਵੀ ਨਾਮ ਨਾਲ ਜਾਣਿਆ ਜਾਂਦਾ ਹੋਵੇ) ਰਾਜ ਦੀ ਸੰਸਕ੍ਰਿਤੀ ਅਤੇ ਰਵਾਇਤ ਦਾ ਹਿੱਸਾ ਸਮਝ ਕੇ ਨਿਰਧਾਰਿਤ ਦਿਨਾਂ ਅਤੇ ਸਥਾਨਾਂ ਤੇ ਆਯੋਜਿਤ ਕੀਤੀ ਜਾਂਦੀ ਹੈ, ਜਿਵੇਂ ਕਿ ਰਾਜ ਸਰਕਾਰ ਦੁਆਰਾ ਸੂਚਿਤ ਕੀਤਾ ਜਾਵੇ; ਅਤੇ (ii) ਧਾਰਾ (ਸ) ਤੋਂ ਬਾਅਦ, ਨਿਮਨਲਿਖਤ ਪਾਏ ਜਾਣਗੇ, ਅਰਥਾਤ:-- (ਸਸ) ''ਕੰਬਲਾ" ਦਾ ਮਤਲਬ ਹੈ ਪਰੰਪਰਾਗਤ ਖੇਡ ਸਮਾਗਮ ਜੋ ਭੈਂਸਾ (ਨਰ) ਦੌੜ ਨਾਲ ਸਬੰਧਿਤ ਹੈ ਜੋ ਆਮ ਤੌਰ ਤੇ ਰਾਜ ਦੀ ਸੰਸਕ੍ਰਿਤੀ ਅਤੇ ਰਵਾਇਤ ਦਾ ਹਿੱਸਾ ਸਮਝ ਕੇ ਨਿਰਧਾਰਿਤ ਦਿਨਾਂ ਅਤੇ ਸਥਾਨਾਂ ਤੇ ਆਯੋਜਿਤ ਕੀਤੀ ਜਾਂਦੀ ਹੈ, ਜਿਵੇਂ ਕਿ ਰਾਜ ਸਰਕਾਰ ਦੁਆਰਾ ਸੂਚਿਤ ਕੀਤਾ ਜਾਵੇ।"	ਮਤਲਬ ਹੈ ਇੱਕ ਸਮਾਗਮ ਜਿਸ ਵਿੱਚ ਬੈਲ ਜਾਂ ਬੈਲਾਂ ਨੂੰ ਦੌੜ ਕਰਨ ਲਈ ਸ਼ਾਮਿਲ ਕੀਤਾ ਜਾਂਦਾ ਹੈ, ਚਾਹੇ ਲੱਕੜੀ ਦੇ ਜੁਆ ਦੀ ਸਹਾਇਤਾ ਨਾਲ ਗੱਡੀ ਨਾਲ ਬੰਨ੍ਹਿਆ ਗਿਆ ਹੋਵੇ ਜਾਂ ਨਾ ਹੋਵੇ (ਜੋ ਵੀ ਨਾਮ ਨਾਲ ਜਾਣਿਆ ਜਾਂਦਾ ਹੋਵੇ), ਗੱਡੀਵਾਨ ਨਾਲ ਜਾਂ ਬਿਨਾ ਗੱਡੀਵਾਨ ਦੇ ਰਵਾਇਤੀ ਅਤੇ ਸੰਸਕ੍ਰਿਤੀ ਦੀ ਪਾਲਣਾ ਕਰਨ ਦੇ ਉਦੇਸ਼ ਨਾਲ ਅਜਿਹੇ ਦਿਨਾਂ ਅਤੇ ਕਿਸੇ ਵੀ ਜ਼ਿਲ੍ਹੇ ਵਿੱਚ ਜਿੱਥੇ ਇਹ ਪਰੰਪਰਾਗਤ ਰੂਪ ਵਿੱਚ ਅਜਿਹੇ ਸਥਾਨਾਂ ਤੇ ਹੋ ਰਹੀ ਹੋਵੇ, ਜਿਵੇਂ ਕਿ ਪਹਿਲਾਂ ਜ਼ਿਲ੍ਹਾ ਕਲੈਕਟਰ ਦੁਆਰਾ ਮਨਜ਼ੂਰ ਕੀਤਾ ਗਿਆ ਹੋਵੇ, ਅਤੇ ਇਸ ਨੂੰ ਮਹਾਰਾਸ਼ਟਰ ਰਾਜ ਵਿੱਚ ''ਬੈਲਗੜਾ ਸ਼ਰਯਤ'', ''ਛਕੜੀ'' ਅਤੇ ''ਸ਼ੰਕਰਪਾਤ'' ਵਜੋਂ ਵੀ ਜਾਣਿਆ ਜਾਂਦਾ ਹੈ।''।

	ਆਵਾਜਾਈ ਲਈ ਹੋਵੇ ਜਾਂ ਨਾ ਹੋਵੇ, ਜਿਸ ਤੱਕ ਲੋਕਾਂ ਦੀ ਪਹੁੰਚ ਹੈ।			
ਧਾਰਾ 3	ਜਾਨਵਰਾਂ ਦੀ ਸੰਭਾਲ ਰੱਖਣ ਵਾਲੇ ਵਿਅਕਤੀਆਂ ਦੇ ਫਰਜ: ਹਰ ਉਸ ਵਿਅਕਤੀ ਦਾ ਫਰਜ ਹੈ ਜੋ ਕਿਸੇ ਵੀ ਜਾਨਵਰ ਦੀ ਦੇਖਭਾਲ ਜਾਂ ਸੰਭਾਲ ਕਰਦਾ ਹੈ ਕਿ ਉਹ ਸਾਰੇ ਉਚਿਤ ਉਪਾਅ ਕਰੇ ਜਿਸ ਨਾਲ ਉਸ ਜਾਨਵਰ ਦੀ ਭਲਾਈ ਸੁਨਿਸ਼ਚਿਤ ਹੋਵੇ ਅਤੇ ਉਸ ਜਾਨਵਰ ਤੇ ਗੈਰ-ਜ਼ਰੂਰੀ ਦਰਦ ਜਾਂ ਪੀੜਾ ਦਾ ਪ੍ਰਭਾਵ ਪਾਉਣ ਤੋਂ ਬਚਾਇਆ ਜਾਵੇ।	ਮੁੱਖ ਐਕਟ ਦੀ ਧਾਰਾ 3 ਨੂੰ ਉਸ ਧਾਰਾ ਦੀ ਉਪ-ਧਾਰਾ (1) ਵਜੋਂ ਮੁੜ-ਨੰਬਰ ਕੀਤਾ ਜਾਵੇਗਾ ਅਤੇ ਉਪ-ਧਾਰਾ (1) ਦੇ ਮੁੜ-ਨੰਬਰ ਕੀਤੇ ਜਾਣ ਤੋਂ ਬਾਅਦ, ਨਿਮਨਲਿਖਤ ਉਪ-ਧਾਰਾ ਨੂੰ ਜੋੜਿਆ ਜਾਵੇਗਾ, ਅਰਥਾਤ :— ''(2) ਉਪ-ਧਾਰਾ (1) ਵਿੱਚ ਸ਼ਾਮਲ ਕੁਝ ਵੀ ਹੋਵੇ, ਰਾਜ ਸਰਕਾਰ ਦੁਆਰਾ ਬਣਾਏ ਗਏ ਕਿਸੇ ਵੀ ਨਿਯਮ ਅਤੇ ਨਿਯਮਾਂ ਦੇ ਅਧੀਨ, ''ਜੱਲੀਕੱਟੂ'' ਦਾ ਆਚਰਣ ਕੀਤਾ ਜਾਵੇਗਾ।''	ਮੁੱਖ ਐਕਟ ਦੀ ਧਾਰਾ 3 ਨੂੰ ਉਸ ਧਾਰਾ ਦੇ ਉਪ-ਧਾਰਾ (1) ਵਜੋਂ ਮੁੜ-ਨੰਬਰ ਕੀਤਾ ਜਾਵੇਗਾ ਅਤੇ ਉਪ-ਧਾਰਾ (1) ਦੇ ਮੁੜ-ਨੰਬਰ ਕੀਤੇ ਜਾਣ ਤੋਂ ਬਾਅਦ, ਨਿਮਨਲਿਖਤ ਉਪ-ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ''(2) ਉਪ-ਧਾਰਾ (1) ਵਿੱਚ ਸ਼ਾਮਲ ਕੁਝ ਵੀ ਹੋਵੇ, ''ਕੰਬਲਾ'' ਜਾਂ "ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ" ਦਾ ਆਚਰਣ ਕੀਤਾ ਜਾਵੇਗਾ, ਇਸ ਸ਼ਰਤ ਹੇਠ ਕਿ ਜਾਨਵਰਾਂ ਨੂੰ ਕੋਈ ਗੈਰ-ਜ਼ਰੂਰੀ ਪੀੜਾ ਜਾਂ ਦੁੱਖ ਨਾ ਦਿੱਤਾ ਜਾਵੇ, ਉਸ ਵਿਅਕਤੀ ਦੁਆਰਾ ਜੋ ਉਸ ਜਾਨਵਰ ਦੀ ਸੰਭਾਲ ਕਰਦਾ ਹੈ ਜਿਸਨੂੰ "ਕੰਬਲਾ" ਜਾਂ "ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ" ਕਰਨ ਲਈ ਵਰਤਿਆ ਜਾਂਦਾ ਹੈ ਅਤੇ ਉਸ ਤੇ ਰਾਜ ਸਰਕਾਰ ਦੁਆਰਾ ਸੂਚਿਤ ਅਜਿਹੀਆਂ ਹੋਰ ਸ਼ਰਤਾਂ ਦੇ ਅਧੀਨ ਜਿਵੇਂ ਕਿ ਮਾਮਲਾ ਹੋ ਸਕਦਾ ਹੈ।"	ਮੁੱਖ ਐਕਟ ਦੀ ਧਾਰਾ 3 ਨੂੰ ਉਸ ਦੇ ਉਪ-ਧਾਰਾ (1) ਵਜੋਂ ਮੁੜ-ਨੰਬਰ ਕੀਤਾ ਜਾਵੇਗਾਸ ਅਤੇ ਉਪ-ਧਾਰਾ (1) ਦੇ ਮੁੜ-ਨੰਬਰ ਕੀਤੇ ਜਾਣ ਤੋਂ ਬਾਅਦ, ਨਿਮਨਲਿਖਤ ਉਪ-ਧਾਰਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ''(2) ਉਪ-ਧਾਰਾ (1) ਵਿੱਚ ਸ਼ਾਮਲ ਕੁਝ ਵੀ ਹੋਵੇ, ਬੈਲਗੱਡੀ ਦੀ ਦੌੜ ਕਲੈਕਟਰ ਦੀ ਪੂਰਵ ਅਨੁਮਤੀ ਨਾਲ ਕੀਤੀ ਜਾ ਸਕਦੀ ਹੈ, ਇਸ ਸ਼ਰਤ ਹੇਠ ਕਿ ਐਕਟ ਅਧੀਨ ਜਾਂ ਉਸ ਅਧੀਨ ਦੇਖੇ ਗਏ ਦਰਦ ਜਾਂ ਪੀੜਾ ਨੂੰ ਕਿਸੇ ਵੀ ਵਿਅਕਤੀ ਜਾਂ ਜਾਨਵਰ ਦੀ ਸੰਭਾਲ ਕਰਨ ਵਾਲੇ ਵਿਅਕਤੀ ਦੁਆਰਾ ਜੋ ਬੈਲਗੱਡੀ ਦੀ ਦੌੜ ਕਰਨ ਲਈ ਵਰਤਿਆ ਜਾਂਦਾ ਹੈ, ਨਾ ਦਿੱਤੀ ਜਾਵੇ ਅਤੇ ਉਸ ਤੇ ਰਾਜ ਸਰਕਾਰ ਦੁਆਰਾ ਧਾਰਾ 38ਅ ਅਧੀਨ ਨਿਯਮਾਂ ਦੁਆਰਾ ਨਿਰਧਾਰਿਤ ਅਜਿਹੀਆਂ ਹੋਰ ਸ਼ਰਤਾਂ ਦੇ ਅਧੀਨ। (3) ਜੋ ਕੋਈ ਵਿਅਕਤੀ ਜਾਂ ਜਾਨਵਰਾਂ ਦੀ ਸੰਭਾਲ ਕਰਨ ਵਾਲਾ ਵਿਅਕਤੀ ਉਪ-ਧਾਰਾ (2) ਵਿੱਚ ਨਿਰਧਾਰਿਤ ਸ਼ਰਤਾਂ ਜਾਂ ਉਸ ਅਧੀਨ ਬਣਾਏ ਗਏ ਨਿਯਮਾਂ ਜਿਹੜੇ ਬੈਲਗੱਡੀ ਦੀ ਦੌੜ ਨਾਲ ਸਬੰਧਿਤ ਹਨ, ਦੀ ਉਲੰਘਣਾ ਕਰਦਾ ਹੈ ਜਾਂ ਜਾਨਵਰ ਨੂੰ ਦਰਦ ਜਾਂ ਪੀੜਾ ਪਹੁੰਚਾਉਂਦਾ ਹੈ, ਉਸ ਨੂੰ ਜੁਰਮਾਨਾ ਦੇ ਨਾਲ ਸਜ਼ਾ ਦਿੱਤੀ ਜਾਵੇਗੀ ਜੋ ਪੰਜ ਲੱਖ ਰੁਪਏ ਤੱਕ ਦੇ ਵਿਸਤਾਰ ਤੱਕ ਹੋ ਸਕਦੀ ਹੈ ਜਾਂ ਤਿੰਨ ਸਾਲ ਤੱਕ ਦੀ ਮਿਆਦ ਦੇ ਨਾਲ ਸਜ਼ਾ ਦਿੱਤੀ ਜਾਵੇਗੀ।"
ਧਾਰਾ 11	ਜਾਨਵਰਾਂ ਨਾਲ ਕ੍ਰੂਰਤਾ ਵਾਲਾ ਵਿਵਹਾਰ: (1) ਜੋ ਕੋਈ ਵਿਅਕਤੀ--(ਉ) ਕੁੱਟਦਾ ਹੈ, ਮਾਰਦਾ ਹੈ, ਜ਼ਬਰਦਸਤੀ ਚੜ੍ਹਦਾ ਹੈ, ਜ਼ਬਰਦਸਤੀ ਚਲਾਉਂਦਾ ਹੈ, ਜ਼ਬਰਦਸਤੀ ਭਾਰ ਲਾਉਂਦਾ ਹੈ, ਤਸ਼ੱਦਦ ਕਰਦਾ ਹੈ ਜਾਂ ਕਿਸੇ ਹੋਰ ਤਰੀਕੇ ਨਾਲ ਕਿਸੇ ਜਾਨਵਰ ਨੂੰ ਅਜਿਹੇ ਢੰਗ ਨਾਲ ਸਲੂਕ ਕਰਦਾ ਹੈ ਜਿਸ ਨਾਲ ਉਸ ਨੂੰ ਗੈਰ-ਜ਼ਰੂਰੀ ਪੀੜਾ ਜਾਂ ਦੁੱਖ ਦਾ ਸਾਮਣਾ ਕਰਨਾ ਪੈਂਦਾ ਹੈ ਜਾਂ ਉਸ ਦੇ ਕਾਰਨ ਹੁੰਦਾ ਹੈ, ਜਾਂ ਜੋ	ਮੁੱਖ ਐਕਟ ਦੀ ਧਾਰਾ 11 ਵਿੱਚ, ਉਪ-ਧਾਰਾ (3) ਵਿੱਚ, ਧਾਰਾ (ਹ) ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਜੋੜਿਆ ਜਾਵੇਗਾ, ਅਰਥਾਤ:— ''(ਕ) ਜੱਲੀਕੱਟੂ ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਬੈਲਾਂ ਦੀਆਂ ਦੇਸੀ ਨਸਲਾਂ ਦੀ ਸੰਭਾਲ ਅਤੇ ਉਹਨਾਂ ਦੀ ਸੁਰੱਖਿਆ, ਸੁਰੱਖਿਅਤਤਾ ਅਤੇ ਭਲਾਈ ਯਕੀਨੀ ਬਣਾਉਣ ਨੂੰ ਯਕੀਨੀ ਬਣਾਉਣ ਲਈ।"	ਮੁੱਖ ਐਕਟ ਦੀ ਧਾਰਾ 11 ਵਿੱਚ, ਉਪ-ਧਾਰਾ (3) ਵਿੱਚ, ਧਾਰਾ (ਹ) ਤੋਂ ਬਾਅਦ, ਨਿਮਨਲਿਖਤ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ :-- ''(ਕ) ''ਕੰਬਲਾ'' ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਭੈਂਸਾਂ ਦੀ ਦੇਸੀ ਨਸਲ ਦੀ ਸੰਭਾਲ ਅਤੇ ਉਨ੍ਹਾਂ ਦੀ ਸੁਰੱਖਿਆ, ਸੁਰੱਖਿਅਤਤਾ ਅਤੇ ਭਲਾਈ ਯਕੀਨੀ ਬਣਾਉਣ ਲਈ। (ਖ) ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ	ਮੁੱਖ ਐਕਟ ਦੀ ਧਾਰਾ 11 ਵਿੱਚ, ਉਪ-ਧਾਰਾ (3) ਵਿੱਚ, ਧਾਰਾ (ਏ) ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ''(ਏ-1) ਬੈਲਗੱਡੀ ਦੌੜ ਦਾ ਆਚਰਣ, ਧਾਰਾ 3 ਦੀ ਉਪ-ਧਾਰਾ (2) ਦੇ ਪ੍ਰਾਵਧਾਨਾਂ ਅਨੁਸਾਰ ਜਾਂ ਉਸ ਵਿੱਚ ਹਿੱਸਾ ਲੈਣਾ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਬੈਲਾਂ ਦੀਆਂ ਦੇਸੀ ਨਸਲਾਂ ਦੀ ਸੰਭਾਲ ਅਤੇ ਉਨ੍ਹਾਂ ਦੀ ਪਵਿੱਤਰਤਾ, ਸੁਰੱਖਿਆ, ਸੁਰੱਖਿਅਤਤਾ ਅਤੇ

	ਮਾਲਿਕ ਹੈ ਉਹ ਇਜਾਜ਼ਤ ਦਿੰਦਾ ਹੈ ਕਿ ਜਾਨਵਰ ਨਾਲ ਅਜਿਹਾ ਸਲੂਕ ਕੀਤਾ ਜਾਵੇ; ਜਾਂ (ਅ) ਕਿਸੇ ਵੀ ਕੰਮ ਜਾਂ ਮਜ਼ਦੂਰੀ ਲਈ ਜਾਂ ਕਿਸੇ ਵੀ ਉਦੇਸ਼ ਲਈ ਉਸ ਜਾਨਵਰ ਨੂੰ ਵਰਤਦਾ ਹੈ ਜੋ, ਉਸ ਦੀ ਉਮਰ ਜਾਂ ਕਿਸੇ ਬਿਮਾਰੀ, ਕਮਜ਼ੋਰੀ, ਜ਼ਖਮ, ਘਾਵ ਜਾਂ ਹੋਰ ਕਾਰਨ ਕਰਕੇ, ਅਜਿਹੇ ਵਰਤੇ ਜਾਣ ਲਈ ਅਯੋਗ ਹੈ ਜਾਂ, ਜੋ ਮਾਲਿਕ ਹੈ, ਉਹ ਅਜਿਹੇ ਅਯੋਗ ਜਾਨਵਰ ਨੂੰ ਅਜਿਹੇ ਵਰਤਣ ਦੀ ਇਜਾਜ਼ਤ ਦਿੰਦਾ ਹੈ; (ਏ) ਜਾਨਬੂਝ ਕੇ ਅਤੇ ਬੇਵਜ੍ਹਾ ਕਿਸੇ ਜਾਨਵਰ ਨੂੰ ਕੋਈ ਨੁਕਸਾਨਦੇਹ ਦਵਾਈ ਜਾਂ ਪਦਾਰਥ ਦਿੰਦਾ ਹੈ ਜਾਂ ਜਾਨਬੂਝ ਕੇ ਅਤੇ ਬੇਵਜ੍ਹਾ ਅਜਿਹੀ ਕਿਸੇ ਦਵਾਈ ਜਾਂ ਪਦਾਰਥ ਨੂੰ ਲੈਣ ਲਈ ਕਾਰਨ ਬਣਦਾ ਹੈ ਜਾਂ ਕੋਸ਼ਿਸ਼ ਕਰਦਾ ਹੈ; ਜਾਂ (ਸ) ਚਾਹੇ ਕਿਸੇ ਵਾਹਨ ਤੇ ਜਾਂ ਨਹੀਂ, ਕਿਸੇ ਜਾਨਵਰ ਨੂੰ ਅਜਿਹੇ ਢੰਗ ਜਾਂ ਸਥਿਤੀ ਵਿੱਚ ਲੈ ਕੇ ਜਾਂਦਾ ਹੈ ਜਿਸ ਨਾਲ ਉਸ ਨੂੰ ਗੈਰ-ਜ਼ਰੂਰੀ ਪੀੜਾ ਜਾਂ ਦੁੱਖ ਦਾ ਸਾਮਣਾ ਕਰਨਾ ਪੈਂਦਾ ਹੈ; ਜਾਂ (ਹ) ਕਿਸੇ ਜਾਨਵਰ ਨੂੰ ਕਿਸੇ ਪਿੰਜਰੇ ਜਾਂ ਹੋਰ ਰਿਸੇਪਟੇਕਲ ਵਿੱਚ ਰੱਖਦਾ ਹੈ ਜੋ ਉਚਾਈ, ਲੰਬਾਈ ਅਤੇ ਚੌੜਾਈ ਵਿੱਚ ਕਾਫ਼ੀ ਨਹੀਂ ਹੁੰਦੀ ਜਿਸ ਨਾਲ ਜਾਨਵਰ ਨੂੰ ਹਿਲਣ ਫਿਰਣ ਲਈ ਉਚਿਤ ਮੌਕਾ ਮਿਲ ਸਕੇ; ਜਾਂ (ਕ) ਕਿਸੇ ਜਾਨਵਰ ਨੂੰ ਬੇਤੁਕੇ ਸਮੇਂ ਤੱਕ ਬੇਹੱਦ ਛੋਟੀ ਜਾਂ ਭਾਰੀ ਚੇਨ ਜਾਂ ਰੱਸੀ ਤੇ ਬੰਨ੍ਹ ਕੇ ਰੱਖਦਾ ਹੈ; ਜਾਂ (ਖ) ਜੋ ਮਾਲਿਕ ਹੈ, ਉਹ ਕਿਸੇ ਕੁੱਤੇ ਨੂੰ ਜੋ ਆਮ ਤੌਰ ਤੇ ਜੰਜੀਰ ਤੇ ਬੰਨ੍ਹਿਆ ਹੁੰਦਾ ਹੈ ਜਾਂ ਨੇੜਲੀ ਕੈਦ ਵਿੱਚ ਰੱਖਿਆ ਹੁੰਦਾ ਹੈ, ਉਸ ਨੂੰ ਸਮੁੱਚਤ ਵਿਆਇਮ ਕਰਨ ਦੀ ਜਾਂ ਕਰਵਾਉਣ ਦੀ ਲਾਪਰਵਾਹੀ ਕਰਦਾ ਹੈ। ਜਾਂ (ਗ) ਜੇਕਰ ਕੋਈ ਵਿਅਕਤੀ ਕਿਸੇ ਜਾਨਵਰ ਦਾ ਮਾਲਿਕ ਹੋ ਕੇ ਉਸ ਜਾਨਵਰ ਨੂੰ ਪਰਯਾਪਤ ਭੋਜਨ, ਪਾਣੀ ਜਾਂ ਆਸਰਾ ਮੁਹੱਈਆ ਕਰਨ ਵਿੱਚ ਅਸਫਲ ਰਹਿੰਦਾ ਹੈ; ਜਾਂ (ਘ) ਬਿਨਾਂ ਕਿਸੇ ਜਾਇਜ਼ ਕਾਰਨ ਦੇ, ਕਿਸੇ ਜਾਨਵਰ ਨੂੰ ਅਜਿਹੀ ਪਰਿਸਥਿਤੀਆਂ ਵਿੱਚ ਛੱਡ		ਦੌੜ ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਗਊਆਂ ਦੀ ਦੇਸੀ ਨਸਲ ਦੀ ਸੰਭਾਲ ਅਤੇ ਉਨ੍ਹਾਂ ਦੀ ਸੁਰੱਖਿਆ, ਸੁਰੱਖਿਅਤਤਾ ਅਤੇ ਭਲਾਈ ਯਕੀਨੀ ਬਣਾਉਣ ਲਈ।"	ਭਲਾਈ ਯਕੀਨੀ ਬਣਾਉਣ ਦੇ ਉਦੇਸ਼ ਨਾਲ; ਜਾਂ"।

	ਦਿੰਦਾ ਹੈ ਜਿਸ ਨਾਲ ਉਹ ਭੁੱਖ ਜਾਂ ਪਿਆਸ ਕਾਰਨ ਦਰਦ ਦਾ ਸਾਮਣਾ ਕਰ ਸਕਦਾ ਹੈ; ਜਾਂ (ਛ) ਜਾਨ-ਬੂਝ ਕੇ ਆਪਣੇ ਜਾਨਵਰ ਨੂੰ ਕਿਸੇ ਸੜਕ ਤੇ ਆਜ਼ਾਦ ਘੁੰਮਣ ਦੀ ਇਜਾਜ਼ਤ ਦਿੰਦਾ ਹੈ ਜਦੋਂ ਉਹ ਜਾਨਵਰ ਸੰਕ੍ਰਮਿਤ ਜਾਂ ਸੰਕ੍ਰਾਮਕ ਬਿਮਾਰੀ ਨਾਲ ਪੀੜਿਤ ਹੁੰਦਾ ਹੈ ਜਾਂ, ਬਿਨਾਂ ਕਿਸੇ ਜਾਇਜ਼ ਬਹਾਨੇ ਦੇ, ਕਿਸੇ ਬਿਮਾਰ ਜਾਂ ਅਯੋਗ ਜਾਨਵਰ ਨੂੰ, ਜਿਸ ਦਾ ਉਹ ਮਾਲਿਕ ਹੈ, ਕਿਸੇ ਸੜਕ ਤੇ ਮਰਨ ਦੀ ਇਜਾਜ਼ਤ ਦਿੰਦਾ ਹੈ; ਜਾਂ (ਚ) ਵਿਕਰੀ ਲਈ ਪੇਸ਼ ਕਰਦਾ ਹੈ ਜਾਂ ਬਿਨਾਂ ਕਿਸੇ ਜਾਇਜ਼ ਕਾਰਨ ਦੇ, ਆਪਣੇ ਕਬਜ਼ੇ ਵਿੱਚ ਕੋਈ ਅਜਿਹਾ ਜਾਨਵਰ ਰੱਖਦਾ ਹੈ ਜੋ ਕਟਾਈ, ਭੁੱਖ, ਪਿਆਸ, ਭੀੜ ਜਾਂ ਹੋਰ ਬੁਰੇ ਸਲੂਕ ਕਾਰਨ ਦਰਦ ਝੱਲ ਰਿਹਾ ਹੈ; ਜਾਂ (ਛ) ਕਿਸੇ ਜਾਨਵਰ ਨੂੰ ਕੁੱਟਦਾ ਹੈ ਜਾਂ ਕਿਸੇ ਜਾਨਵਰ (ਜਿਵੇਂ ਕਿ ਆਵਾਰਾ ਕੁੱਤੇ) ਨੂੰ ਦਿਲ ਵਿੱਚ ਸਟ੍ਰਿਕਨੀਨ ਇੰਜੈਕਸ਼ਨ ਜਾਂ ਕਿਸੇ ਹੋਰ ਬੇਹੱਦ ਕ੍ਰੂਰ ਢੰਗ ਨਾਲ ਮਾਰਨ ਦਾ ਤਰੀਕਾ ਵਰਤ ਕੇ ਮਾਰਦਾ ਹੈ; ਜਾਂ (ਜ) ਸਿਰਫ ਮਨੋਰੰਜਨ ਦੇਣ ਦੇ ਉਦੇਸ਼ ਨਾਲ-- (i) ਕਿਸੇ ਜਾਨਵਰ ਨੂੰ (ਜਿਵੇਂ ਕਿ ਕਿਸੇ ਬਾਘ ਜਾਂ ਹੋਰ ਸੈਂਕਚੁਰੀ ਵਿੱਚ ਕਿਸੇ ਜਾਨਵਰ ਨੂੰ ਸ਼ਿਕਾਰ ਲਈ ਬੰਨ੍ਹਣਾ) ਅਜਿਹੇ ਢੰਗ ਨਾਲ ਬੰਦ ਕਰਦਾ ਹੈ ਜਾਂ ਬੰਦ ਕਰਵਾਉਂਦਾ ਹੈ ਜਿਸ ਨਾਲ ਉਹ ਕਿਸੇ ਹੋਰ ਜਾਨਵਰ ਲਈ ਸ਼ਿਕਾਰ ਦਾ ਨਿਸ਼ਾਨਾ ਬਣ ਜਾਂਦਾ ਹੈ; ਜਾਂ (ii) ਕਿਸੇ ਜਾਨਵਰ ਨੂੰ ਲੜਨ ਜਾਂ ਕਿਸੇ ਹੋਰ ਜਾਨਵਰ ਨੂੰ ਸ਼ਿਕਾਰ ਕਰਨ ਲਈ ਉਕਸਾਉਂਦਾ ਹੈ; ਜਾਂ (ਝ) ਜਾਨਵਰਾਂ ਦੀ ਲੜਾਈ ਲਈ ਜਾਂ ਕਿਸੇ ਜਾਨਵਰ ਨੂੰ ਸ਼ਿਕਾਰ ਬਣਾਉਣ ਦੇ ਉਦੇਸ਼ ਨਾਲ, ਕੋਈ ਥਾਂ ਆਯੋਜਿਤ ਕਰਦਾ ਹੈ, ਰੱਖਦਾ ਹੈ, ਵਰਤਦਾ ਹੈ ਜਾਂ ਉਸ ਦੇ ਪ੍ਰਬੰਧ ਵਿੱਚ ਕਾਰਜ ਕਰਦਾ ਹੈ ਜਾਂ ਕਿਸੇ ਨੂੰ ਅਜਿਹੀ ਥਾਂ ਵਰਤਣ ਲਈ ਇਜਾਜ਼ਤ ਦਿੰਦਾ ਹੈ ਜਾਂ ਪੇਸ਼ਕਸ਼ ਕਰਦਾ ਹੈ ਜਾਂ ਕਿਸੇ ਅਜਿਹੀ ਥਾਂ ਨੂੰ ਰੱਖਣ ਜਾਂ ਵਰਤਣ ਲਈ ਕਿਸੇ ਹੋਰ ਵਿਅਕਤੀ ਦੇ ਦਾਖਲੇ ਲਈ			

	ਪੈਸੇ ਲੈਂਦਾ ਹੈ; ਜਾਂ (ਵ) ਅਜਿਹੇ ਕਿਸੇ ਸ਼ੂਟਿੰਗ ਮੈਚ ਜਾਂ ਮੁਕਾਬਲੇ ਵਿੱਚ ਪ੍ਰਚਾਰ ਕਰਦਾ ਹੈ ਜਾਂ ਹਿੱਸਾ ਲੈਂਦਾ ਹੈ ਜਿੱਥੇ ਜਾਨਵਰਾਂ ਨੂੰ ਸ਼ੂਟਿੰਗ ਦੇ ਉਦੇਸ਼ ਲਈ ਕੈਦ ਤੋਂ ਛੱਡਿਆ ਜਾਂਦਾ ਹੈ; ਉਸ ਨੂੰ ਸਜ਼ਾ ਦਿੱਤੀ ਜਾਵੇਗੀ, ਪਹਿਲੀ ਵਾਰੀ ਦੇ ਅਪਰਾਧ ਲਈ ਜੁਰਮਾਨਾ ਜੋ ਦਸ ਰੁਪਏ ਤੋਂ ਘੱਟ ਨਹੀਂ ਪਰ ਪੰਜਾਹ ਰੁਪਏ ਤੱਕ ਵਧ ਸਕਦਾ ਹੈ ਅਤੇ ਪਹਿਲੇ ਅਪਰਾਧ ਤੋਂ ਤਿੰਨ ਸਾਲ ਦੇ ਅੰਦਰ ਦੂਜੇ ਜਾਂ ਬਾਅਦ ਦੇ ਅਪਰਾਧ ਲਈ ਜੁਰਮਾਨਾ ਜੋ ਪੰਜਾਹ ਰੁਪਏ ਤੋਂ ਘੱਟ ਨਹੀਂ ਪਰ ਇੱਕ ਸੌ ਰੁਪਏ ਤੱਕ ਵਧ ਸਕਦਾ ਹੈ ਜਾਂ ਤਿੰਨ ਮਹੀਨੇ ਤੱਕ ਦੀ ਸਜ਼ਾ ਨਾਲ, ਜਾਂ ਦੋਵਾਂ ਨਾਲ। (2) ਉਪ-ਧਾਰਾ (1) ਦੇ ਉਦੇਸ਼ਾਂ ਲਈ, ਜੇਕਰ ਕੋਈ ਮਾਲਿਕ ਅਜਿਹੇ ਅਪਰਾਧ ਦੀ ਰੋਕਥਾਮ ਲਈ ਉਚਿਤ ਸੰਭਾਲ ਅਤੇ ਨਿਗਰਾਨੀ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਸ ਨੂੰ ਅਪਰਾਧ ਕਰਨ ਵਾਲਾ ਮੰਨਿਆ ਜਾਵੇਗਾ: ਬਸ਼ਰਤੇ ਜੇਕਰ ਕੋਈ ਮਾਲਿਕ ਸਿਰਫ ਇਸ ਕਾਰਨ ਕਰੂਰਤਾ ਦੀ ਇਜਾਜ਼ਤ ਦੇਣ ਦੇ ਲਈ ਦੋਸ਼ੀ ਠਹਿਰਾਇਆ ਜਾਵੇ ਕਿ ਉਸ ਨੇ ਅਜਿਹੀ ਸੰਭਾਲ ਅਤੇ ਨਿਗਰਾਨੀ ਨਹੀਂ ਕੀਤੀ, ਤਾਂ ਉਸ ਨੂੰ ਜੁਰਮਾਨੇ ਦੇ ਵਿਕਲਪ ਤੋਂ ਬਿਨਾਂ ਕੈਦ ਵਿੱਚ ਨਹੀਂ ਪਾਇਆ ਜਾਵੇਗਾ। (3) ਇਸ ਧਾਰਾ ਵਿੱਚ ਕੁਝ ਵੀ ਇਨ੍ਹਾਂ ਤੇ ਲਾਗੂ ਨਹੀਂ ਹੋਵੇਗਾ-- (ਓ) ਪਸ਼ੂਆਂ ਦੇ ਸਿੰਘ ਕੱਟਣਾ, ਜਾਂ ਕਿਸੇ ਜਾਨਵਰ ਦਾ ਖਸਲਾ ਕਰਨਾ ਜਾਂ ਚਿੰਨ੍ਹਣ ਜਾਂ ਨੱਕ ਵਿੱਚ ਰੱਸੀ ਪਾਉਣਾ, ਨਿਰਧਾਰਿਤ ਢੰਗ ਵਿੱਚ; ਜਾਂ (ਅ) ਆਵਾਰਾ ਕੁੱਤਿਆਂ ਦਾ ਮਾਰਨਾ ਮਾਰਕ ਚੈਂਬਰਾਂ ਵਿੱਚ ਜਾਂ ਨਿਰਧਾਰਿਤ ਕੀਤੇ ਗਏ ਹੋਰ ਤਰੀਕਿਆਂ ਨਾਲ; ਜਾਂ (ਏ) ਕਿਸੇ ਵੀ ਜਾਨਵਰ ਦਾ ਖਾਤਮਾ ਜਾਂ ਨਾਸ਼ ਕਰਨਾ ਕਿਸੇ ਵੀ ਕਾਨੂੰਨ ਦੇ ਅਧਿਕਾਰ ਅਧੀਨ ਜੋ ਇਸ ਸਮੇਂ ਲਾਗੂ ਹੈ; ਜਾਂ (ਸ) ਚੌਥੇ ਅਧਿਆਇ ਵਿੱਚ ਨਿਪਟਾਏ ਗਏ ਕਿਸੇ ਵੀ ਮਾਮਲੇ ਨਾਲ; ਜਾਂ (ਹ) ਮਨੁੱਖਾਂ ਲਈ ਭੋਜਨ ਵਜੋਂ ਕਿਸੇ ਜਾਨਵਰ ਦੇ ਨਾਸ਼ ਜਾਂ ਨਾਸ਼			

	ਕਰਨ ਦੀ ਤਿਆਰੀ ਦੌਰਾਨ ਕਿਸੇ ਵੀ ਕੰਮ ਜਾਂ ਛੱਡ-ਛਾੜ ਦੀ ਅਦਾਇਗੀ, ਜਦੋਂ ਤੱਕ ਅਜਿਹੇ ਨਾਸ਼ ਜਾਂ ਤਿਆਰੀ ਦੇ ਨਾਲ ਗੈਰ-ਜ਼ਰੂਰੀ ਪੀੜਾ ਜਾਂ ਦੁੱਖ ਦੀ ਮਾਰ ਨਾ ਪਈ ਹੋਵੇ।			
ਧਾਰਾ 22	**ਪ੍ਰਦਰਸ਼ਨ ਅਤੇ ਪ੍ਰਦਰਸ਼ਨ ਜਾਨਵਰਾਂ ਦੀ ਟ੍ਰੇਨਿੰਗ ਤੇ ਪਾਬੰਦੀ: ਕੋਈ ਵੀ ਵਿਅਕਤੀ ਪ੍ਰਦਰਸ਼ਨ ਨਹੀਂ ਕਰਾਏਗਾ ਜਾਂ ਟ੍ਰੇਨ ਨਹੀਂ ਕਰੇਗਾ--** (i) **ਕੋਈ ਵੀ ਪ੍ਰਦਰਸ਼ਨ ਜਾਨਵਰ ਜਦੋਂ ਤੱਕ ਉਹ ਇਸ ਅਧਿਆਇ ਦੇ ਪ੍ਰਾਵਧਾਨਾਂ ਅਨੁਸਾਰ ਰਜਿਸਟਰਡ ਨਾ ਹੋਵੇ; (ii) ਪ੍ਰਦਰਸ਼ਨ ਜਾਨਵਰ ਵਜੋਂ, ਕੋਈ ਵੀ ਜਾਨਵਰ ਜਿਸ ਨੂੰ ਕੇਂਦਰੀ ਸਰਕਾਰ ਸਰਕਾਰੀ ਗਜ਼ਟ ਵਿੱਚ ਇਕ ਸੂਚਨਾ ਦੁਆਰਾ ਅਜਿਹੇ ਜਾਨਵਰ ਵਜੋਂ ਨਿਰਧਾਰਿਤ ਕਰ ਸਕਦੀ ਹੈ ਜਿਸਨੂੰ ਪ੍ਰਦਰਸ਼ਨ ਜਾਨਵਰ ਵਜੋਂ ਪ੍ਰਦਰਸ਼ਿਤ ਜਾਂ ਟ੍ਰੇਨ ਨਹੀਂ ਕੀਤਾ ਜਾਵੇਗਾ।**	ਮੁੱਖ ਐਕਟ ਦੀ ਧਾਰਾ 22 ਵਿੱਚ, ਨਿਮਨਲਿਖਤ ਪ੍ਰਾਵਧਾਨ ਨੂੰ ਜੋੜਿਆ ਜਾਵੇਗਾ, ਅਰਥਾਤ:— ''ਬਸ਼ਰਤੇ ਕਿ ਇਸ ਧਾਰਾ ਵਿੱਚ ਸ਼ਾਮਲ ਕੁਝ ਵੀ ਜੱਲੀਕੱਟੂ ਦੇ ਆਚਰਣ ਤੇ ਲਾਗੂ ਨਹੀਂ ਹੋਵੇਗਾ।"	**ਮੁੱਖ ਐਕਟ ਦੀ ਧਾਰਾ 22 ਦੇ ਅੰਤ ਵਿੱਚ, ਨਿਮਨਲਿਖਤ ਪ੍ਰਾਵਧਾਨ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ''ਬਸ਼ਰਤੇ ਕਿ ਇਸ ਧਾਰਾ ਵਿੱਚ ਸ਼ਾਮਲ ਕੁਝ ਵੀ ''ਕੰਬਾਲਾ'' ਜਾਂ ''ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ'' ਦੇ ਆਚਰਣ ਤੇ ਲਾਗੂ ਨਹੀਂ ਹੋਵੇਗਾ, ਜਿਵੇਂ ਕਿ ਮਾਮਲਾ ਹੋ ਸਕਦਾ ਹੈ।"**	ਮੁੱਖ ਐਕਟ ਦੀ ਧਾਰਾ 22 ਵਿੱਚ, ਨਿਮਨਲਿਖਤ ਪ੍ਰਾਵਧਾਨ ਨੂੰ ਜੋੜਿਆ ਜਾਵੇਗਾ, ਅਰਥਾਤ:-- ਬਸ਼ਰਤੇ ਕਿ, ਇਸ ਧਾਰਾ ਵਿੱਚ ਸ਼ਾਮਲ ਕੁਝ ਵੀ ਧਾਰਾ 3 ਦੀ ਉਪ-ਧਾਰਾ (2) ਦੇ ਪ੍ਰਾਵਧਾਨਾਂ ਅਨੁਸਾਰ ਬੈਲਗੱਡੀ ਦੌੜ ਦੇ ਆਚਰਣ ਤੇ ਲਾਗੂ ਨਹੀਂ ਹੋਵੇਗਾ।"
ਧਾਰਾ 27	ਛੂਟਾਂ: ਇਸ ਅਧਿਆਇ ਵਿੱਚ ਸ਼ਾਮਲ ਕੁਝ ਵੀ ਨਿਮਨਲਿਖਤ ਤੇ ਲਾਗੂ ਨਹੀਂ ਹੋਵੇਗਾ--(ਓ) ਜਾਨਵਰਾਂ ਨੂੰ ਅਸਲ ਫੰਜੀ ਜਾਂ ਪੁਲਿਸ ਮਕਸਦਾਂ ਲਈ ਟ੍ਰੇਨਿੰਗ ਦੇਣਾ ਜਾਂ ਅਜਿਹੇ ਪ੍ਰਸ਼ਿਕਸ਼ਿਤ ਜਾਨਵਰਾਂ ਦਾ ਪ੍ਰਦਰਸ਼ਨ ਕਰਨਾ; ਜਾਂ (ਅ) ਕੋਈ ਵੀ ਜਾਨਵਰ ਜੋ ਕਿਸੇ ਚਿੜੀਆਘਰ ਜਾਂ ਕਿਸੇ ਸੋਸਾਇਟੀ ਜਾਂ ਸੰਸਥਾ ਦੁਆਰਾ ਰੱਖਿਆ ਗਿਆ ਹੋਵੇ ਜਿਸ ਦਾ ਮੁੱਖ ਉਦੇਸ਼ ਜਾਨਵਰਾਂ ਦਾ ਸਿੱਖਿਆ ਜਾਂ ਵਿਗਿਆਨਕ ਉਦੇਸ਼ਾਂ ਲਈ ਪ੍ਰਦਰਸ਼ਨ ਕਰਨਾ ਹੋਵੇ।	ਮੁੱਖ ਐਕਟ ਦੀ ਧਾਰਾ 27 ਵਿੱਚ, ਖੰਡ (ਅ) ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਜੋੜਿਆ ਜਾਵੇਗਾ, ਅਰਥਾਤ:— (ਏ) 'ਜੱਲੀਕੱਟੂ' ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਬੈਲਾਂ ਦੀਆਂ ਦੇਸੀ ਨਸਲਾਂ ਦੇ ਜੀਵਨ ਅਤੇ ਲਗਾਤਾਰ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ।"	ਮੁੱਖ ਐਕਟ ਦੀ ਧਾਰਾ 27 ਵਿੱਚ, ਖੰਡ (ਅ) ਤੋਂ ਬਾਅਦ, ਨਿਮਨਲਿਖਤ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- (ਏ) ''ਕੰਬਲਾ'' ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਦੇਸੀ ਨਸਲਾਂ ਦੀਆਂ ਭੈਂਸਾਂ ਦੇ ਜੀਵਨ ਅਤੇ ਲਗਾਤਾਰ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ। (ਸ) ''ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ'' ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਦੇਸੀ ਨਸਲਾਂ ਦੀਆਂ ਗਊਆਂ ਦੇ ਜੀਵਨ ਅਤੇ ਲਗਾਤਾਰ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ।"	ਮੁੱਖ ਐਕਟ ਦੀ ਧਾਰਾ 27 ਵਿੱਚ, ਖੰਡ (ਓ) ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ''(ਓ-1)ਧਾਰਾ 3 ਦੀ ਉਪ-ਧਾਰਾ (2) ਦੇ ਪ੍ਰਾਵਧਾਨਾਂ ਅਨੁਸਾਰ ਬੈਲਗੱਡੀ ਦੌੜ ਦਾ ਆਚਰਣ, ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਅਤੇ ਦੇਸੀ ਨਸਲਾਂ ਦੀਆਂ ਬੈਲਾਂ ਦੇ ਜੀਵਨ ਅਤੇ ਲਗਾਤਾਰਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ; ਜਾਂ"।
ਧਾਰਾ 28 ਉ		ਮੁੱਖ ਐਕਟ ਦੀ ਧਾਰਾ 28 ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:— ''ਇਸ ਐਕਟ	ਮੁੱਖ ਐਕਟ ਦੀ ਧਾਰਾ 28 ਤੋਂ ਬਾਅਦ, ਨਿਮਨਲਿਖਤ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ਇਸ ਐਕਟ ਵਿੱਚ	ਮੁੱਖ ਐਕਟ ਦੀ ਧਾਰਾ 28 ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- ''28-ਉ ਇਸ

		ਵਿੱਚ ਸ਼ਾਮਲ ਕੁਝ ਵੀ 'ਜੱਲੀਕੱਟੂ' ਤੇ ਲਾਗੂ ਨਹੀਂ ਹੋਵੇਗਾ ਜੋ ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਲਈ ਕੀਤੀ ਗਈ ਹੈ ਅਤੇ ਅਜਿਹਾ ਆਚਰਣ 'ਜੱਲੀਕੱਟੂ' ਦਾ ਇਸ ਐਕਟ ਅਧੀਨ ਕੋਈ ਅਪਰਾਧ ਨਹੀਂ ਹੋਵੇਗਾ।"	ਸ਼ਾਮਲ ਕੁਝ ਵੀ ''ਕੰਬਾਲਾ'' ਜਾਂ ''ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ'' ਤੇ ਲਾਗੂ ਨਹੀਂ ਹੋਵੇਗਾ, ਜੋ ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਲਈ ਕੀਤੀ ਗਈ ਹੋਵੇ ਅਤੇ ''ਕੰਬਾਲਾ'' ਜਾਂ ''ਬੈਲਾਂ ਦੀ ਦੌੜ ਜਾਂ ਬੈਲਗੱਡੀ ਦੀ ਦੌੜ'' ਦਾ ਅਜਿਹਾ ਆਚਰਣ ਇਸ ਐਕਟ ਅਧੀਨ ਕੋਈ ਅਪਰਾਧ ਨਹੀਂ ਹੋਵੇਗਾ।"	ਐਕਟ ਵਿੱਚ ਸ਼ਾਮਲ ਕੁਝ ਵੀ ਧਾਰਾ 3 ਦੀ ਉਪ-ਧਾਰਾ (2) ਦੇ ਪ੍ਰਾਵਧਾਨਾਂ ਦੇ ਅਨੁਸਾਰ ਕੀਤੀ ਗਈ ਬੈਲਗੱਡੀ ਦੌੜ ਤੇ ਲਾਗੂ ਨਹੀਂ ਹੋਵੇਗਾ ਜੋ ਪਰੰਪਰਾ ਅਤੇ ਸੰਸਕ੍ਰਿਤੀ ਨੂੰ ਅਨੁਸਰਨ ਅਤੇ ਬੜ੍ਹਾਵਾ ਦੇਣ ਲਈ ਹੋਵੇ ਅਤੇ ਅਜਿਹਾ ਆਚਰਣ ਇਸ ਐਕਟ ਅਧੀਨ ਕੋਈ ਅਪਰਾਧ ਨਹੀਂ ਹੋਵੇਗਾ।"
ਧਾਰਾ 38 ਅ				ਮੁੱਖ ਐਕਟ ਦੀ ਧਾਰਾ 38ਓ ਤੋਂ ਬਾਅਦ, ਨਿਮਨਲਿਖਤ ਧਾਰਾ ਨੂੰ ਸ਼ਾਮਲ ਕੀਤਾ ਜਾਵੇਗਾ, ਅਰਥਾਤ:-- (1) ਰਾਜ ਸਰਕਾਰ ਪਿਛਲੇ ਪ੍ਰਕਾਸ਼ਨ ਦੀ ਸ਼ਰਤ ਅਧੀਨ, ਸਰਕਾਰੀ ਗਜ਼ਟ ਵਿੱਚ ਸੂਚਨਾ ਦੁਆਰਾ, ਕੇਂਦਰੀ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਨਾਲ ਅਸੰਗਤ ਨਾ ਹੋਣ ਵਾਲੇ ਨਿਯਮ ਬਣਾ ਸਕਦੀ ਹੈ, ਜੇ ਕੋਈ ਹੋਵੇ, ਐਕਟ ਦੀ ਧਾਰਾ 3 ਦੀ ਉਪ-ਧਾਰਾ (2) ਦੇ ਪ੍ਰਾਵਧਾਨਾਂ ਨੂੰ ਲਾਗੂ ਕਰਨ ਲਈ। (2) ਇਸ ਧਾਰਾ ਅਧੀਨ ਬਣਾਏ ਗਏ ਹਰੇਕ ਨਿਯਮ ਨੂੰ, ਜਿਵੇਂ ਹੀ ਉਹ ਬਣਾਇਆ ਗਿਆ ਹੈ, ਰਾਜ ਵਿਧਾਨ ਸਭਾ ਦੇ ਹਰੇਕ ਸਦਨ ਅੱਗੇ ਰੱਖਿਆ ਜਾਵੇਗਾ, ਜਦੋਂ ਇਹ ਇਕੱਠ ਵਿੱਚ ਹੋਵੇ ਕੁੱਲ ਤੀਹ ਦਿਨਾਂ ਲਈ, ਜੋ ਇਕ ਇਕੱਠ ਜਾਂ ਦੋ ਜਾਂ ਹੋਰ ਲਗਾਤਾਰ ਇਕੱਠਾਂ ਵਿੱਚ ਸ਼ਾਮਲ ਹੋ ਸਕਦੇ ਹਨ, ਅਤੇ ਜੇਕਰ, ਜਿਸ ਇਕੱਠ ਵਿੱਚ ਉਹ ਇਸ ਤਰ੍ਹਾਂ ਰੱਖਿਆ ਗਿਆ ਹੈ ਜਾਂ ਤੁਰੰਤ ਬਾਅਦ ਵਾਲੇ ਇਕੱਠ ਦੇ ਖਤਮ ਹੋਣ ਤੋਂ ਪਹਿਲਾਂ, ਦੋਵੇਂ ਸਦਨ ਨਿਯਮ ਵਿੱਚ ਕਿਸੇ ਵੀ ਸੋਧ ਨੂੰ ਮਨਜ਼ੂਰੀ ਦਿੰਦੇ ਹਨ ਜਾਂ ਦੋਵੇਂ ਸਦਨ ਇਹ ਮਨਜ਼ੂਰ ਕਰਦੇ ਹਨ ਕਿ ਨਿਯਮ ਨੂੰ ਨਹੀਂ ਬਣਾਇਆ ਜਾਣਾ ਚਾਹੀਦਾ, ਅਤੇ ਅਜਿਹੇ ਫੈਸਲੇ ਨੂੰ ਸਰਕਾਰੀ ਗਜ਼ਟ ਵਿੱਚ ਸੂਚਿਤ ਕਰਦੇ ਹਨ, ਨਿਯਮ ਨੂੰ, ਅਜਿਹੇ ਸੂਚਨਾ ਦੀ ਪ੍ਰਕਾਸ਼ਨ ਦੀ ਮਿਤੀ ਤੋਂ, ਕੇਵਲ ਅਜਿਹੇ ਸੋਧਿਤ ਰੂਪ ਵਿੱਚ ਹੀ ਪ੍ਰਭਾਵੀ ਹੋਣਾ ਚਾਹੀਦਾ ਹੈ ਜਾਂ ਕੋਈ ਪ੍ਰਭਾਵ ਨਹੀਂ ਹੋਣਾ ਚਾਹੀਦਾ, ਜਿਵੇਂ ਕਿ ਮਾਮਲਾ ਹੋਵੇ; ਪਰ, ਅਜਿਹਾ ਕੋਈ ਵੀ ਸੋਧ ਜਾਂ ਰੱਦ ਕਰਨਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਵੀ ਚੀਜ਼ ਦੀ ਵੈਧਤਾ ਤੇ ਬਿਨਾਂ ਕਿਸੇ ਪ੍ਰਭਾਵ ਦੇ ਹੋਵੇਗਾ।"

13. ਉਪਰ ਲਿਖੇ ਤਿੰਨ ਸੋਧ ਅਧਿਨਿਯਮਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਤੋਂ ਬਾਅਦ, ਤਾਮਿਲਨਾਡੂ ਅਤੇ ਮਹਾਰਾਸ਼ਟਰ ਦੇ ਰਾਜਾਂ ਨੇ ਉਕਤ ਪਸ਼ੂ ਖੇਡਾਂ ਦੇ ਸੰਚਾਲਨ ਲਈ ਨਿਯਮ ਤਿਆਰ ਕੀਤੇ। ਤਾਮਿਲਨਾਡੂ ਦੇ ਨਿਯਮਾਂ ਨੂੰ ''ਤਾਮਿਲਨਾਡੂ ਪਸ਼ੂਆਂ ਨਾਲ ਜ਼ੁਲਮ ਦੀ ਰੋਕਥਾਮ (ਜੱਲੀਕੱਟੂ ਦਾ ਸੰਚਾਲਨ) ਨਿਯਮ, 2017'' ਅਤੇ ਮਹਾਰਾਸ਼ਟਰ ਰਾਜ ਲਈ, ''ਮਹਾਰਾਸ਼ਟਰ ਪਸ਼ੂਆਂ ਨਾਲ ਜ਼ੁਲਮ ਦੀ ਰੋਕਥਾਮ (ਬੈਲਗੱਡੀ ਦੌੜ ਦਾ ਸੰਚਾਲਨ) ਨਿਯਮ, 2017'' ਤਿਆਰ ਕੀਤੇ ਗਏ। ਜਿੱਥੋਂ ਤੱਕ ਕਰਨਾਟਕ ਰਾਜ ਦਾ ਸਵਾਲ ਹੈ, ਇਕ ਅਧਿਸੂਚਨਾ ਇਸੀ ਤਰ੍ਹਾਂ ਦੀਆਂ ਲਾਈਨਾਂ ਤੇ ਮੈਮੋਰੈਂਡਮ ਨੰਬਰ ਪਸਮ 257 ਸਲਵ 2014 ਮਿਤੀ 17 ਦਸੰਬਰ 2015 ਨੂੰ ਜਾਰੀ ਕੀਤੀ ਗਈ ਸੀ। ਇਹ ਨਿਯਮ/ ਅਧਿਸੂਚਨਾ ਉਕਤ ਪਸ਼ੂ ਖੇਡਾਂ ਦੇ ਸੰਚਾਲਨ ਨੂੰ ਸਖਤੀ ਨਾਲ ਨਿਯਮਤ ਕਰਨ ਦੀ ਮੰਗ ਕਰਦੇ ਹਨ। ਉਹ ਖੇਡਾਂ ਆਯੋਜਿਤ ਕਰਨ, ਦੌੜ ਵਿੱਚ ਭਾਗ ਲੈਣ ਲਈ ਆਗਿਆ ਦੀ ਅਰਜ਼ੀ ਲਈ ਪ੍ਰਾਵਧਾਨਾਂ ਦੀ ਸ਼ਰਤ ਰੱਖਦੇ ਹਨ । ਬੈਲਗੱਡੀ ਦੌੜ ਦੇ ਆਯੋਜਨ ਲਈ, ਨਿਯਮ ਇਸ ਤਰ੍ਹਾਂ ਦੀਆਂ ਦੌੜਾਂ ਨੂੰ ਕਿਵੇਂ ਕੰਡਕਟ ਕੀਤਾ ਜਾ ਸਕਦਾ ਹੈ, ਟ੍ਰੈਕ ਦੀ ਲੰਬਾਈ, ਆਰਾਮ ਦੀ ਅਵਧੀ ਅਤੇ ਟ੍ਰੈਕ ਨੂੰ ਆਮ ਜਨਤਾ ਤੋਂ ਵੱਖ ਕਰਨ ਲਈ ਨਿਰਧਾਰਨ ਕਰਦੇ ਹਨ। ਤਾਮਿਲਨਾਡੂ ਦੇ ਨਿਯਮਾਂ ਵਿੱਚ ਵਿਸ਼ੇਸ਼ ਤੌਰ ਤੇ ਬੈਲਾਂ ਦੀ ਜਾਂਚ ਲਈ ਪ੍ਰਾਵਧਾਨ ਹਨ, ਅਖਾੜੇ, ਬੈਲ ਇਕੱਠੇ ਕਰਨ ਦੇ ਯਾਰਡ ਦੇ ਨਾਲ-ਨਾਲ ਦਰਸ਼ਕਾਂ ਦੀ ਗੈਲਰੀ ਸਥਾਪਿਤ ਕਰਨ ਦੇ ਨਿਰਧਾਰਨ ਕਰਦੇ ਹਨ। ਇਹ ਗੱਲਾਂ ਅਸਲ ਵਿੱਚ ਬੈਲਾਂ ਨੂੰ ਕਿਸੇ ਵੀ ਸਰੀਰਕ ਪਰੇਸ਼ਾਨੀ ਹੋਣ ਤੋਂ ਰੋਕਦੇ ਹਨ ਜਿਵੇਂ ਕਿ ਉਨ੍ਹਾਂ ਨੂੰ ਮਾਰਨਾ ਅਤੇ ਤਿੱਖੀਆਂ ਚੀਜ਼ਾਂ, ਛੜੀਆਂ ਨਾਲ ਗੋਦਨਾ, ਉਨ੍ਹਾਂ ਦੀਆਂ ਅੱਖਾਂ ਵਿੱਚ ਮਿਰਚ ਦਾ ਪਾਊਡਰ ਪਾਉਣਾ, ਉਨ੍ਹਾਂ ਦੀਆਂ ਪੂਛਾਂ ਮਰੋੜਨਾ ਅਤੇ ਹੋਰ ਅਜਿਹੇ ਦੁੱਖ ਦੇਣ ਵਾਲੇ ਕੰਮ।

14. ਜਿਹੜੇ ਪਟੀਸ਼ਨਰ/ਪਾਰਟੀਆਂ ਦੇ ਤਰਕਾਂ ਦਾ ਸੋਧ ਅਧਿਨਿਯਮਾਂ ਨੂੰ ਚੁਣੌਤੀ ਦੇਣ ਦਾ ਜੋ ਮੁੱਖ ਵਿਸ਼ਾ ਹੈ ਉਹ ਦੋ ਪੱਧਰਾਂ ਤੇ ਅਧਾਰਤ ਹੈ। ਸ੍ਰੀਮਾਨ ਸ਼ਿਆਮ ਦੀਵਾਨ, ਸ੍ਰੀਮਾਨ ਆਨੰਦ ਗਰੋਵਰ, ਸ੍ਰੀਮਾਨ ਸਿਧਾਰਥ ਲੂਥਰਾ, ਸ੍ਰੀਮਾਨ ਕ੍ਰਿਸ਼ਨਨ ਵੇਨੁਗੋਪਾਲ ਅਤੇ ਸ੍ਰੀਮਾਨ ਵੀ. ਗਿਰੀ, ਵਿਦਵਾਨ ਵਰਿਸ਼ਠ ਵਕੀਲ ਉਹਨਾਂ ਪਾਰਟੀਆਂ ਲਈ ਪੇਸ਼ ਹੋਏ ਹਨ ਜੋ ਇਨ੍ਹਾਂ ਖੇਡਾਂ ਦੇ ਜਾਰੀ ਪ੍ਰਦਰਸ਼ਨ ਨੂੰ ਚੁਣੌਤੀ ਦੇ ਰਹੇ ਹਨ ਜੋ ਕਿ ਜ਼ੁਲਮੀ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਖੇਡਾਂ ਦੇ ਜਾਰੀ ਰੱਖਣ ਦੇ ਪੱਖ ਵਿੱਚ ਪ੍ਰਤੀਵਾਦੀਆਂ ਦੇ ਕੇਸਾਂ ਦੀ ਮੁੱਖ ਤੌਰ ਤੇ ਪੈਰਵੀ ਸ੍ਰੀਮਾਨ ਤੁਸ਼ਾਰ ਮਹਿਤਾ, ਵਿਦਵਾਨ ਸੌਲੀਸਿਟਰ ਜਨਰਲ, ਸ੍ਰੀਮਾਨ ਕਪਿਲ ਸਿਬਲ, ਸ੍ਰੀਮਾਨ ਮੁਕੁਲ ਰੋਹਤਗੀ ਅਤੇ ਸ੍ਰੀਮਾਨ ਰਾਕੇਸ਼ ਦ੍ਵਿਵੇਦੀ, ਵਿਦਵਾਨ ਵਰਿਸ਼ਠ ਵਕੀਲਾਂ ਨੇ ਕੀਤੀ ਹੈ। ਪਟੀਸ਼ਨਰਾਂ ਲਈ ਉਹਨਾਂ ਦਾ ਮੁੱਖ ਕੇਸ ਇਹ ਹੈ ਕਿ ਰਾਜ ਸੋਧਾਂ ਤੋਂ

ਬਾਅਦ ਵੀ, ਜੋ ਕੁਝ ਵੈਧ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਅਜੇ ਵੀ ਤਬਾਹੀ ਵਾਲੀਆਂ ਅਤੇ 1960 ਅਧਿਨਿਯਮ ਦੀਆਂ ਧਾਰਾਵਾਂ 3, 11(1) (ਓ) ਅਤੇ (ਜ) ਦੇ ਪ੍ਰਾਵਧਾਨਾਂ ਦੇ ਵਿਰੁੱਧ ਰਹਿੰਦੇ ਹਨ। ਉਹਨਾਂ ਦਾ ਤਰਕ ਇਹ ਹੈ ਕਿ ਸੋਧ ਅਧਿਨਿਯਮਾਂ ਨਾਲ ਜੋ ਖਾਮੀਆਂ ਜਾਂ ਘਾਟਾ ਏ. ਨਾਗਰਾਜਾ (ਉਪਰੋਕਤ) ਦੇ ਫੈਸਲੇ ਦੁਆਰਾ ਪੈਦਾ ਕੀਤੇ ਗਏ ਸਨ, ਉਹ ਠੀਕ ਨਹੀਂ ਹੋਏ। ਉਸ ਫੈਸਲੇ ਦੇ ਮੂਲ ਅਨੁਪਾਤ ਨੂੰ ਇਨ੍ਹਾਂ ਸੋਧ ਅਧਿਨਿਯਮਾਂ ਦੁਆਰਾ ਦਰਕਿਨਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਾਨੂੰਨ ਵਿੱਚ ਗ਼ੈਰ-ਮੰਨਜ਼ੂਰ ਹੈ। ਇਹ ਵੀ ਤਰਕ ਦਿੱਤਾ ਗਿਆ ਹੈ ਕਿ ਭਾਰਤੀ ਸੰਵਿਧਾਨ ਦੇ ਅਨੁਛੇਦ 21 ਵਿੱਚ ਵਰਤੇ ਗਏ ''ਵਿਅਕਤੀ'' ਸ਼ਬਦ ਵਿੱਚ ਸੁਚੇਤਨ ਜਾਨਵਰ ਵੀ ਸ਼ਾਮਲ ਹਨ ਅਤੇ ਉਹਨਾਂ ਦੀ ਆਜ਼ਾਦੀ ਨੂੰ ਇਨ੍ਹਾਂ ਖੇਡਾਂ ਨੂੰ ਵੈਧ ਕਰਕੇ ਸੀਮਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਤਿੰਨ ਸੋਧ ਅਧਿਨਿਯਮਾਂ ਦੇ ਇਸਤੇਮਾਲ ਦਾ ਸਾਧਨ ਬੇਤੁਕਾ ਅਤੇ ਮਨਮਰਜ਼ੀ ਵਾਲਾ ਹੈ, ਜਿਸ ਨਾਲ ਭਾਰਤੀ ਸੰਵਿਧਾਨ ਦੇ ਅਨੁਛੇਦ 14 ਦੇ ਮਿਆਰ ਨੂੰ ਪੂਰਾ ਨਹੀਂ ਕੀਤਾ ਜਾਂਦਾ। ਅਸਲ ਵਿੱਚ, ਇਹ ਸੰਦਰਭ ਦਾ ਚੌਥਾ ਪ੍ਰਸ਼ਨ ਹੈ ਜਿਸ ਤੇ ਅਸੀਂ ਇਸ ਫੈਸਲੇ ਵਿੱਚ ਵਿਚਾਰ ਕਰਾਂਗੇ। ਪਟੀਸ਼ਨਰ ਜਾਨਵਰਾਂ ਲਈ ਇੱਕ ਹੱਕ-ਸ਼ਾਸਨ ਸਥਾਪਿਤ ਕਰਨ ਲਈ ਅਨੁਛੇਦ 14, 21, 48, 51-ਓ (ਗ) ਅਤੇ (ਖ) ਨੂੰ ਇੱਕ-ਦੂਜੇ ਨਾਲ ਬੁਣਨਾ ਚਾਹੁੰਦੇ ਹਨ। ਉਹਨਾਂ ਦਾ ਤਰਕ ਹੈ ਕਿ ਭਾਰਤੀ ਨਾਗਰਿਕਾਂ ਦਾ ਮੂਲ ਫਰਜ਼ ਹੈ ਕਿ ਉਹ ਜੀਵਧਾਰੀਆਂ ਪ੍ਰਤੀ ਦਿਆ ਰੱਖਣ ਅਤੇ ਮਨੁੱਖਤਾ ਨੂੰ ਵਿਕਸਿਤ ਕਰਨ ਦਾ ਨਤੀਜਾ ਸੁਚੇਤਨ ਜਾਨਵਰਾਂ ਲਈ ਸੰਬੰਧਿਤ ਹੱਕਾਂ ਵਜੋਂ ਸਾਹਮਣੇ ਆਉਂਦਾ ਹੈ, ਜਿਸ ਨਾਲ ਉਹ ਤਕਲੀਫ਼ ਅਤੇ ਦਰਦ ਦੇਣ ਵਾਲੀਆਂ ਗਤੀਵਿਧੀਆਂ ਤੋਂ ਬਚਾਏ ਜਾਣ ਲਈ ਹੱਕਦਾਰ ਹਨ, ਜਿਸ ਦਾ ਮਨੁੱਖਾਂ ਲਈ ਕੇਵਲ ਮਨੋਰੰਜਨ ਮੁੱਲ ਹੈ।

15. ਦੂਜਾ ਤਰਕ ਇਹ ਦਿੱਤਾ ਗਿਆ ਹੈ ਕਿ ਇਹ ਖੇਡਾਂ ਨੂੰ ਤਾਮਿਲਨਾਡੂ ਦੀ ਸਾਂਸਕ੍ਰਿਤਿਕ ਵਿਰਾਸਤ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ, ਜੋ ਕਿ ਉਸ ਰਾਜ ਦੇ ਸੋਧ ਅਧਿਨਿਯਮ ਦੇ ਪ੍ਰਸਤਾਵਨਾ ਵਿੱਚ ਦਿੱਤਾ ਗਿਆ ਹੈ। ਤਾਮਿਲਨਾਡੂ ਸੋਧ ਅਧਿਨਿਯਮ ਦੀ ਪ੍ਰਸਤਾਵਨਾ ਵਿੱਚ ਕਿਹਾ ਗਿਆ ਹੈ ਕਿ ਉਕਤ ਕਾਨੂੰਨ ਦਾ ਉਦੇਸ਼ ਤਾਮਿਲਨਾਡੂ ਦੀ ਸਾਂਸਕ੍ਰਿਤਿਕ ਵਿਰਾਸਤ ਨੂੰ ਸੰਭਾਲਣਾ ਅਤੇ ਬੈਲਾਂ ਦੀਆਂ ਦੇਸੀ ਨਸਲਾਂ ਦੇ ਜੀਵਨ ਅਤੇ ਭਲਾਈ ਨੂੰ ਯਕੀਨੀ ਬਣਾਉਣਾ ਹੈ। ਉਕਤ ਅਧਿਨਿਯਮ ਨੇ 1960 ਐਕਟ ਦੇ ਪਰਿਭਾਸ਼ਾ ਖੰਡ ਵਿੱਚ [ਖੰਡ 2(ਸ)] ਨੂੰ ਸ਼ਾਮਿਲ ਕੀਤਾ ਅਤੇ ਉਸੇ ਕਾਨੂੰਨ ਦੀ ਧਾਰਾ 11(3) ਵਿੱਚ ਸੋਧ ਕਰਦੇ ਹੋਏ ਉਸ ਵਿੱਚ ਉਪ-ਖੰਡ (ਕ) ਨੂੰ ਜੋੜਿਆ। ਉੱਤੇ ਦਿੱਤੀ ਗਈ ਟੇਬਲ ਵਿੱਚੋਂ ਦੋ ਹੋਰ ਸੋਧ ਪ੍ਰਗਟ ਹੋਣਗੇ, ਪਰ ਉਹ ਮੁੱਖ ਤੌਰ ਤੇ 1960 ਅਧਿਨਿਯਮ ਦੇ ਰੋਕਥਾਮ ਪ੍ਰਾਵਧਾਨਾਂ ਤੋਂ ਜੱਲੀਕੱਟੂ ਨੂੰ ਛੋਟ ਦੇਣ ਲਈ ਹਨ। ਏ. ਨਾਗਰਾਜਾ (ਉਪਰੋਕਤ) ਦੇ ਫੈਸਲੇ

ਵਿੱਚ, ਜੱਲੀਕੱਟੂ ਦੀ ਪਰੰਪਰਾ ਅਤੇ ਸੰਸਕ੍ਰਿਤੀ ਬਾਰੇ ਬਿੰਦੂ ਤੇ ਹੋਰ ਗੱਲਾਂ ਨਾਲ ਇਸ ਤਰ੍ਹਾਂ ਫੈਸਲਾ ਕੀਤਾ ਗਿਆ ਸੀ:-

> "54. ਪਸ਼ੂਆਂ ਪ੍ਰਤੀ ਕਰੂਰਤਾ ਰੋਕਣ ਵਾਲਾ ਕਾਨੂੰਨ ਜੋ ਕਿ ਇੱਕ ਭਲਾਈ ਦਾ ਕਾਨੂੰਨ ਹੈ, ਸਾਡੇ ਵਿਚਾਰ ਵਿੱਚ, ਤਥਾਕਥਿਤ ਪਰੰਪਰਾ ਅਤੇ ਸੰਸਕ੍ਰਿਤੀ ਨੂੰ ਪਛਾੜ ਦਿੰਦਾ ਹੈ ਜਾਂ ਕੁਚਲ ਦਿੰਦਾ ਹੈ। ਜੱਲੀਕੱਟੂ ਅਤੇ ਬੈਲਗੱਡੀ ਦੌੜਾਂ, ਜਿਸ ਤਰ੍ਹਾਂ ਉਹ ਕਰਵਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਤਾਮਿਲ ਪਰੰਪਰਾ ਜਾਂ ਸੰਸਕ੍ਰਿਤੀ ਦਾ ਕੋਈ ਸਮਰਥਨ ਨਹੀਂ ਹੈ। ਮੰਨ ਲਈਏ ਕਿ ਇਹ ਕਾਫੀ ਸਮੇਂ ਤੋਂ ਚਲਣ ਵਿੱਚ ਹੈ, ਸਾਡੇ ਵਿਚਾਰ ਵਿੱਚ, ਇਸ ਨੂੰ ਭਲਾਈ ਦੇ ਕਾਨੂੰਨ, ਜਿਵੇਂ ਕਿ ਪਸ਼ੂਆਂ ਪ੍ਰਤੀ ਕਰੂਰਤਾ ਰੋਕਣ ਵਾਲਾ ਕਾਨੂੰਨ ਨਾਲ ਰਾਹ ਦੇਣੀ ਚਾਹੀਦੀ ਹੈ, ਜੋ ਕਿ ਜਾਨਵਰਾਂ ਉੱਤੇ ਗੈਰ-ਜ਼ਰੂਰੀ ਦਰਦ ਜਾਂ ਪੀੜਾ ਦੇਣ ਨੂੰ ਰੋਕਣ ਅਤੇ ਜਾਨਵਰਾਂ ਦੇ ਜ਼ਿੰਮੇਵਾਰਾਂ ਤੇ ਫਰਜ਼ ਅਤੇ ਜ਼ਿਮੇਵਾਰੀਆਂ ਲਾਉਣ ਲਈ ਬਣਾਇਆ ਗਿਆ ਹੈ। ਹਾਲ ਹੀ ਵਿੱਚ, ਕੁਝ ਕੁਆਰਟਰਾਂ ਵਿੱਚ ਵੱਧ ਤੋਂ ਵੱਧ ਫਾਇਦੇ ਕੱਢਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਜਾਨਵਰਾਂ ਨੂੰ ਮਨੁੱਖਾਂ ਵੱਲੋਂ ਜਬਰਦਸਤੀ ਵਾਲੇ ਤਰੀਕਿਆਂ ਦੀ ਵਰਤੋਂ ਕਰਕੇ ਅਤੇ ਖੁਸ਼ੀ, ਦਿਲ ਪਰਚਾਵਾ ਅਤੇ ਮਜ਼ੇ ਲਈ ਗੈਰ-ਜ਼ਰੂਰੀ ਦਰਦ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਮਾਜ ਵਿੱਚ ਅਜਿਹੀਆਂ ਬੁਰੀਆਂ ਪ੍ਰਥਾਵਾਂ ਨੂੰ ਖਤਮ ਕਰਨ ਦਾ ਸਾਡਾ ਇਤਿਹਾਸ ਹੈ, ਮੰਨ ਲਿਆ ਜਾਵੇ ਕਿ ਅਜਿਹੀਆਂ ਪ੍ਰਥਾਵਾਂ ਨੂੰ ਸੰਸਕ੍ਰਿਤੀ ਅਤੇ ਪਰੰਪਰਾ ਦਾ ਸਮਰਥਨ ਹੈ, ਜਿਵੇਂ ਕਿ ਟੀਐਨਆਰਜੇ ਐਕਟ ਵਿੱਚ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰੋਫੈਸਰ ਸੈਲਮੰਡ ਦਾ ਕਹਿਣਾ ਹੈ ਕਿ ਰਿਵਾਜ ਉਹਨਾਂ ਸਿਧਾਂਤਾਂ ਦਾ ਸਰੀਰ ਹੈ ਜਿਹੜੇ ਕੌਮੀ ਜ਼ਮੀਰ ਨੂੰ ਇਨਸਾਫ ਅਤੇ ਜਨਤਾ ਦੇ ਭਲੇ ਦੇ ਸਿਧਾਂਤਾਂ ਵਜੋਂ ਪਸੰਦ ਆਏ ਹਨ। ਇਸ ਅਦਾਲਤ ਨੇ, ਐਨ. ਅਦਿਥਯਾਨ ਬਨਾਮ ਤ੍ਰਾਵੰਕੋਰ ਦੇਵਸ੍ਵੋਮ ਬੋਰਡ [(2002) 8 ਐਸ.ਸੀ.ਸੀ. 106] ਵਿੱਚ ਜਦੋਂ ਧਾਰਾਵਾਂ 25(1), 26(ਓ), 26(ਅ), 17, 14 ਅਤੇ 21 ਦੀ ਸੀਮਾ ਦੀ ਜਾਂਚ ਕੀਤੀ ਗਈ, ਤਾਂ ਇਸ ਤਰ੍ਹਾਂ ਫੈਸਲਾ ਕੀਤਾ: (ਐਸ.ਸੀ.ਸੀ. ਪੰਨਾ 125, ਪੈਰਾ 18)
>
> > "18.....ਕੋਈ ਵੀ ਰਿਵਾਜ ਜਾਂ ਵਿਹਾਰ, ਭਾਵੇਂ ਸੰਵਿਧਾਨਿਕ ਦਿਨਾਂ ਤੋਂ ਪਹਿਲਾਂ ਦੇ ਹੋਣ ਦੇ ਕੋਈ ਸਬੂਤ ਹੋਣ, ਨੂੰ ਕਾਨੂੰਨ ਦਾ ਸਰੋਤ ਮੰਨ ਕੇ ਕੋਈ ਅਧਿਕਾਰ ਮੰਗਣ ਦੇ ਦਾਅਵੇ ਵਜੋਂ ਨਹੀਂ ਮੰਨਿਆ ਜਾ ਸਕਦਾ ਜਦੋਂ ਇਹ ਪਾਇਆ ਜਾਵੇ ਕਿ ਇਹ ਮਨੁੱਖੀ ਅਧਿਕਾਰਾਂ, ਸਨਮਾਨ, ਸਮਾਜਿਕ ਸਮਾਨਤਾ ਅਤੇ ਸੰਵਿਧਾਨ ਅਤੇ ਸੰਸਦ ਦੁਆਰਾ ਬਣਾਏ ਗਏ ਕਾਨੂੰਨ ਦੇ ਖਾਸ ਹੁਕਮਾਂ ਦੀ ਉਲੰਘਣਾ ਕਰਦੇ ਹਨ। ਕੋਈ ਵੀ ਵਿਹਾਰ

ਜੋ ਨੁਕਸਾਨਦਾਇਕ ਪਾਇਆ ਜਾਂਦਾ ਹੈ ਅਤੇ ਦੇਸ਼ ਦੇ ਕਾਨੂੰਨ ਦੀ ਉਲੰਘਣਾ ਮੰਨੀ ਜਾਵੇ ਜਾਂ ਜਨਤਕ ਨੀਤੀ ਜਾਂ ਸਮਾਜਿਕ ਸਭਿਆਚਾਰ ਦੇ ਵਿਰੁੱਧ ਸਮਝੀ ਜਾਵੇ, ਨੂੰ ਦੇਸ਼ ਦੀਆਂ ਅਦਾਲਤਾਂ ਵੱਲੋਂ ਸਵੀਕਾਰ ਜਾਂ ਬਹਾਲ ਰੱਖਣ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ।"

55. ਇਸ਼ਾ-ਉਪਨਿਸ਼ਦ ਵਿੱਚ 1500–600 ਈਸਾ ਪੂਰਵ ਤੋਂ ਹੀ ਇਸ ਤਰ੍ਹਾਂ ਸਿਖਾਇਆ ਗਿਆ ਹੈ:

''ਬ੍ਰਹਮੰਡ ਸਮੇਤ ਇਸ ਦੇ ਜੀਵ ਇਸ ਧਰਤੀ ਪ੍ਰਤੀ ਸਮਰਪਿਤ ਹਨ। ਕੋਈ ਵੀ ਜੀਵ ਕਿਸੇ ਹੋਰ ਤੋਂ ਉੱਚਾ ਨਹੀਂ ਹੈ। ਮਨੁੱਖਾਂ ਨੂੰ ਕੁਦਰਤ ਤੋਂ ਉੱਪਰ ਨਹੀਂ ਹੋਣਾ ਚਾਹੀਦਾ। ਕਿਸੇ ਇੱਕ ਪ੍ਰਜਾਤੀ ਨੂੰ ਹੋਰ ਪ੍ਰਜਾਤੀਆਂ ਦੇ ਹੱਕਾਂ ਅਤੇ ਸੁਵਿਧਾਵਾਂ ਉੱਤੇ ਅਤਿਕਰਮਣ ਨਾ ਕਰਨ ਦਿਉ।''

ਸਾਡੇ ਵਿਚਾਰ ਵਿੱਚ, ਇਹ ਦੇਸ਼ ਦੀ ਸੰਸਕ੍ਰਿਤੀ ਅਤੇ ਪਰੰਪਰਾ ਹੈ, ਖਾਸ ਕਰਕੇ ਤਾਮਿਲਨਾਡੂ ਅਤੇ ਮਹਾਰਾਸ਼ਟਰ ਦੇ ਰਾਜਾਂ ਦੀ।

56. ਪਸ਼ੂਆਂ ਪ੍ਰਤੀ ਕਰੂਰਤਾ ਰੋਕਣ ਵਾਲੇ ਕਾਨੂੰਨ ਨੂੰ ਜਾਨਵਰਾਂ ਦੀ ਭਲਾਈ ਦੀ ਰੱਖਿਆ ਲਈ ਅਤੇ ਸਪਸ਼ਟ ਤੌਰ ਤੇ ਕੁਝ ਸ਼ਰਾਰਤਾਂ ਅਤੇ ਪੁਰਾਣੀਆਂ ਪ੍ਰਥਾਵਾਂ ਨੂੰ ਠੀਕ ਕਰਨ ਲਈ ਬਣਾਇਆ ਕੀਤਾ ਗਿਆ ਹੈ, ਤਾਂ ਜੋ ਕੁਝ ਕਿਸਮ ਦੇ ਸੁਧਾਰ ਨੂੰ ਪ੍ਰਭਾਵ ਵਿੱਚ ਲਿਆਂਦਾ ਜਾ ਸਕੇ, ਜੋ ਵਾਤਾਵਰਨ-ਕੇਂਦਰਿਤ ਸਿਧਾਂਤਾਂ ਦੇ ਆਧਾਰ ਤੇ ਹੋਵੇ, ਜਾਨਵਰਾਂ ਦੇ ਆਂਤਰਿਕ ਮੁੱਲ ਅਤੇ ਕੀਮਤ ਨੂੰ ਪਛਾਣਣਾ। ਇਸੇ ਤਰ੍ਹਾਂ, ਐਕਟ ਦੀ ਧਾਰਾ 28 ਦੇ ਅਨੁਸਾਰ ਜਾਨਵਰ ਨੂੰ ਮਾਰਨ ਸਮੇਂ ਕਮਿਊਨਿਟੀ ਦੀਆਂ ਧਾਰਮਿਕ ਪ੍ਰਥਾਵਾਂ ਦਾ ਧਿਆਨ ਰੱਖਿਆ ਗਿਆ ਹੈ।"

16. ਇਸ ਆਧਾਰ ਤੇ ਪਟੀਸ਼ਨਰਾਂ ਵਲੋਂ ਤਰਕ ਪੇਸ਼ ਕੀਤੇ ਗਏ ਹਨ ਕਿ ਤਾਮਿਲਨਾਡੂ ਦਾ ਸੋਧ ਐਕਟ ਆਪਣੀ ਪ੍ਰਸਤਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਜੱਲੀਕੱਟੂ ਦੇ ਸੰਚਾਲਨ ਵਿੱਚ ਉਸ ਫੈਸਲੇ ਵਿੱਚ ਦਰਸਾਈਆਂ ਗਈਆਂ ਖਾਮੀਆਂ ਨੂੰ ਠੀਕ ਕਰਨ ਤੋਂ ਬਿਨਾਂ ਨਿਸ਼ਚਿਤ ਨਿਆਇਕ ਰਾਏ ਨੂੰ ਬੇਅਸਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿੱਥੇ ਤੱਕ ਕਰਨਾਟਕ ਦੇ ਸੋਧ ਐਕਟ ਦਾ ਸਵਾਲ ਹੈ, ''ਬੈਲਾਂ ਦੀ ਦੌੜ ਜਾਂ ਬੈਲਗੱਡੀ ਦੌੜ'' ਅਤੇ ''ਕੰਬਾਲਾ'' ਦੇ ਪਰਿਭਾਸ਼ਾ ਖੰਡਾਂ ਵਿੱਚ, ਉਹਨਾਂ ਨੂੰ ਰਾਜ ਦੀ ਪਰੰਪਰਾ ਅਤੇ ਸੰਸਕ੍ਰਿਤੀ ਦਾ ਹਿੱਸਾ ਵਜੋਂ ਵਰਣਨ ਕੀਤਾ ਗਿਆ ਹੈ। ਮਹਾਰਾਸ਼ਟਰ ਐਕਟ ਵਿੱਚ ਵੀ ਬੈਲਗੱਡੀ ਦੌੜ ਦੇ

ਸ੍ਰੋਤ ਨੂੰ ਬੈਲਗੱਡੀ ਦੌੜ ਦੀ ਪਰਿਭਾਸ਼ਾ ਖੰਡ ਵਿੱਚ ਉਸ ਰਾਜ ਦੇ ਨਿਸ਼ਚਿਤ ਹਿੱਸਿਆਂ ਦੀ ਪਰੰਪਰਾ ਅਤੇ ਸੰਸਕ੍ਰਿਤੀ ਵਜੋਂ ਪਛਾਣਿਆ ਗਿਆ ਹੈ।

17. ਪਟੀਸ਼ਨਰਾਂ ਅਤੇ ਦਖਲ ਦੇਣ ਵਾਲਿਆਂ ਦਾ ਤਰਕ ਜੋ ਇਨ੍ਹਾਂ ਖੇਡਾਂ ਦੇ ਪ੍ਰਦਰਸ਼ਨ ਤੇ ਪਾਬੰਦੀ ਦੇ ਸਮਰਥਨ ਵਿੱਚ ਹੈ, ਉਹ ਇਹ ਹੈ ਕਿ ਕਾਨੂੰਨ ਉਹਨਾਂ ਪ੍ਰਾਵਧਾਨਾਂ ਨੂੰ ਵੈਧ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਇਸ ਅਦਾਲਤ ਵਲੋਂ ਗੈਰਕਾਨੂੰਨੀ ਠਹਿਰਾਏ ਗਏ ਸਨ ਬਿਨਾਂ ਏ. ਨਾਗਰਾਜਾ (ਉਪਰੋਕਤ) ਦੇ ਫੈਸਲੇ ਵਿੱਚ ਦਰਸਾਈਆਂ ਗੀਆਂ ਖਾਮੀਆਂ ਨੂੰ ਠੀਕ ਕਰਨ ਦੇ। ਅਜਿਹੀਆਂ ਹਾਲਤਾਂ ਵਿੱਚ, ਸੋਧ ਐਕਟਾਂ ਨੂੰ ਸੰਵਿਧਾਨਿਕ ਪ੍ਰਾਵਧਾਨਾਂ ਦੀ ਰੌਸ਼ਨੀ ਵਿੱਚ ਵੈਧ ਕਾਨੂੰਨੀ ਸ਼ਕਤੀ ਦੀ ਕਵਾਇਦ ਵਜੋਂ ਮੰਨਿਆ ਨਹੀਂ ਜਾ ਸਕਦਾ ਅਤੇ ਇਹ ਪ੍ਰਵੇਸ਼ ਫਰਜ਼ੀ ਕਾਨੂੰਨ ਹਨ। ਇਸ ਪ੍ਰਸਤਾਵ ਦੇ ਸਮਰਥਨ ਵਿੱਚ ਪਟੀਸ਼ਨਰਾਂ ਵਲੋਂ ਦਰਸਾਏ ਗਏ ਫੈਸਲੇ ਹਨ ਸ਼੍ਰੀ ਪ੍ਰਿਥਵੀ ਕਾਟਨ ਮਿੱਲਜ਼ ਲਿਮਟਿਡ ਅਤੇ ਦੂਜਾ -ਬਨਾਮ- ਬਰੋਚ ਬੋਰੋ ਮਿਉਂਸਪੈਲਿਟੀ ਅਤੇ ਹੋਰ [(1969) 2 ਐਸ.ਸੀ.ਸੀ. 283], ਭੁਬਨੇਸ਼ਵਰ ਸਿੰਘ ਅਤੇ ਦੂਜਾ -ਬਨਾਮ- ਭਾਰਤ ਸਰਕਾਰ ਅਤੇ ਹੋਰ [(1994) 6 ਐਸ.ਸੀ.ਸੀ. 77], ਇੰਦਰਾ ਸਾਹਨੀ -ਬਨਾਮ- ਭਾਰਤ ਸਰਕਾਰ ਅਤੇ ਹੋਰ [(2000) 1 ਐਸ.ਸੀ.ਸੀ. 168], ਅਮਰੇਂਦਰ ਕੁਮਾਰ ਮੋਹਾਪਾਤਰਾ ਅਤੇ ਹੋਰ - ਬਨਾਮ- ਓੜੀਸਾ ਰਾਜ ਅਤੇ ਹੋਰ [(2014) 4 ਐਸ.ਸੀ.ਸੀ. 583], ਮੱਧ ਪ੍ਰਦੇਸ਼ ਰਾਜ - ਬਨਾਮ- ਮਹਾਲਕਸ਼ਮੀ ਫੈਬ੍ਰਿਕ ਮਿੱਲਜ਼ ਲਿਮਟਿਡ ਅਤੇ ਹੋਰ [1995 ਸਪਲੀ (1) ਐਸ.ਸੀ.ਸੀ. 642], ਡੀ.ਸੀ. ਵਧਵਾ ਡੀਆਰ ਅਤੇ ਹੋਰ -ਬਨਾਮ- ਬਿਹਾਰ ਰਾਜ ਅਤੇ ਹੋਰ [(1987) 1 ਐਸ.ਸੀ.ਸੀ. 378], ਸ੍ਰੀ ਸ੍ਰੀ ਸ੍ਰੀ ਕੇ.ਸੀ. ਗਜਾਪਤੀ ਨਾਰਾਇਣ ਦੇਓ -ਬਨਾਮ- ਓੜੀਸਾ ਰਾਜ [1954 ਐਸ.ਸੀ.ਸੀ. 1], ਐਸ.ਐਸ. ਬੋਲਾ ਅਤੇ ਹੋਰ -ਬਨਾਮ- ਬੀ.ਡੀ. ਸਰਦਾਨਾ ਅਤੇ ਹੋਰ [(1997) 8 ਐਸ.ਸੀ.ਸੀ. 522], ਤਾਮਿਲ ਨਾਡੂ ਰਾਜ -ਬਨਾਮ- ਕੇਰਲ ਰਾਜ ਅਤੇ ਦੂਜਾ [(2014) 12 ਐਸ.ਸੀ.ਸੀ. 696], ਮਦਨ ਮੋਹਨ ਪਾਠਕ ਅਤੇ ਦੂਜਾ -ਬਨਾਮ- ਭਾਰਤ ਸਰਕਾਰ ਅਤੇ ਹੋਰ [(1978) 2 ਐਸ.ਸੀ.ਸੀ. 50], ਨੈਸ਼ਨਲ ਐਗ੍ਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ ਲਿਮਟਿਡ ਅਤੇ ਦੂਜਾ -ਬਨਾਮ- ਭਾਰਤ ਸਰਕਾਰ ਅਤੇ ਹੋਰ [(2003) 5 ਐਸ.ਸੀ.ਸੀ. 23], ਇਨ ਰੀ ਪੰਜਾਬ ਟਰਮੀਨੇਸ਼ਨ ਆਫ ਐਗ੍ਰੀਮੈਂਟ ਐਕਟ, 2004 [(2017) 1 ਐਸ.ਸੀ.ਸੀ. 121], ਮਫਤਲਾਲ ਇੰਡਸਟ੍ਰੀਜ਼ ਲਿਮਟਿਡ ਅਤੇ ਹੋਰ -ਬਨਾਮ- ਭਾਰਤ ਸਰਕਾਰ ਅਤੇ ਹੋਰ [(1997) 5 ਐਸ.ਸੀ.ਸੀ. 536], ਐਸ. ਟੀ. ਸਾਦਿਕ -ਬਨਾਮ- ਕੇਰਲ ਰਾਜ ਅਤੇ ਹੋਰ [(2015) 4 ਐਸ.ਸੀ.ਸੀ. 400], ਏ.ਆਰ. ਅੰਤੁਲੇ -ਬਨਾਮ- ਆਰ.ਐਸ. ਨਾਇਕ ਅਤੇ ਦੂਜਾ [(1988) 2 ਬਨਾਮ 602] ਅਤੇ ਮੇਨਕਾ ਗਾਂਧੀ -ਬਨਾਮ- ਭਾਰਤ ਸਰਕਾਰ

ਅਤੇ ਦੂਜਾ [(1978) 1 ਐਸ.ਸੀ.ਸੀ. 248]। ਮੇਨਕਾ ਗਾਂਧੀ (ਉਪਰੋਕਤ) ਦੇ ਫੈਸਲੇ ਤੇ ਵੀ ਭਰੋਸਾ ਕੀਤਾ ਗਿਆ ਸੀ ਤਾਂ ਜੋ ਮੌਲਿਕ ਹੱਕਾਂ ਦੀ ਰੱਖਿਆ ਲਈ ਕਾਨੂੰਨ ਦੇ ਅਸਰ ਨੂੰ ਦੇਖਣਾ ਪੈਂਦਾ ਹੈ, ਨਾ ਕਿ ਸਿਰਫ ਕਾਨੂੰਨ ਦੇ ਸਿਧਾਂਤਾਂ ਅਤੇ ਪ੍ਰਾਵਧਾਨਾਂ ਨੂੰ।

18. ਪਟੀਸ਼ਨਰਾਂ ਦੀਆਂ ਸੰਬੰਧਿਤ ਬੇਨਤੀਆਂ ਹਨ ਕਿ ਤਿੰਨ ਕਾਨੂੰਨਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਤੋਂ ਬਾਅਦ, ਉਹਨਾਂ ਨੇ ਤਿੰਨ ਉਪਰੋਕਤ ਸਮਾਗਮਾਂ ਨੂੰ ਵੈਧ ਕਰ ਦਿੱਤਾ, ਪਰ ਜਿਸ ਤਰ੍ਹਾਂ ਉਹਨਾਂ ਦਾ ਸੰਚਾਲਨ ਕੀਤਾ ਜਾਂਦਾ ਹੈ ਉਹ ਧਾਰਾਵਾਂ 3, 11(1)(ਓ) ਅਤੇ (ਜ) ਦੇ ਪ੍ਰਾਵਧਾਨਾਂ ਦੇ ਵਿਰੁੱਧ ਹੈ ਜਿਵੇਂ ਕਿ ਏ. ਨਾਗਰਾਜਾ (ਉਪਰੋਕਤ) ਮਾਮਲੇ ਵਿੱਚ ਮੰਨਿਆ ਗਿਆ ਸੀ। ਇਸ ਲਈ, ਸੋਧ ਕਾਨੂੰਨਾਂ ਦੀ ਕੋਸ਼ਿਸ਼ ਇਹ ਹੈ ਕਿ ਬਿਨਾਂ ਉਨ੍ਹਾਂ ਅਧਾਰਾਂ ਤੇ ਧਿਆਨ ਦਿੱਤੇ ਜਿਨ੍ਹਾਂ ਉੱਤੇ ਇਸ ਅਦਾਲਤ ਨੇ ਜੱਲੀਕੱਟੂ ਅਤੇ ਬੈਲਗੱਡੀ ਦੌੜ ਕ੍ਰਮਵਾਰ ਤਾਮਿਲਨਾਡੂ ਅਤੇ ਮਹਾਰਾਸ਼ਟਰ ਰਾਜਾਂ ਵਿੱਚ 1960 ਐਕਟ ਦੀ ਉਲੰਘਣਾ ਕਰਦੇ ਪਾਇਆ ਸੀ, ਇਹ ਨਿਆਇਕ ਫੈਸਲੇ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਇਹ ਕਾਨੂੰਨੀ ਕਵਾਇਦ, ਜਿਵੇਂ ਕਿ ਪਟੀਸ਼ਨਰਾਂ ਵਲੋਂ ਤਰਕ ਦਿੱਤਾ ਗਿਆ ਹੈ, ਸੰਵਿਧਾਨਿਕ ਯੋਜਨਾ ਦੇ ਵਿਰੁੱਧ ਜਾਂਦੀ ਹੈ। ਇਸ ਬਿੰਦੂ ਤੇ ਹਵਾਲੇ ਦਿੱਤੇ ਗਏ ਫੈਸਲੇ ਹਨ ਤਾਮਿਲਨਾਡੂ ਰਾਜ -ਬਨਾਮ- ਕੇਰਲ ਰਾਜ (ਉਪਰੋਕਤ), ਚੀਫ ਸੈਕਰੇਟਰੀ, ਤਾਮਿਲਨਾਡੂ ਸਰਕਾਰ, ਚੇਨਈ ਅਤੇ ਹੋਰ -ਬਨਾਮ- ਐਨੀਮਲ ਵੈਲਫੇਅਰ ਬੋਰਡ ਅਤੇ ਦੂਜਾ [(2017) 2 ਐ.ਸੀ.ਸੀ. 144] ਅਤੇ ਰੂਪਾ ਆਸ਼ੋਕ ਹੁਰਾ -ਬਨਾਮ- ਆਸ਼ੋਕ ਹੁਰਾ ਅਤੇ ਦੂਜਾ [(2002) 4 ਐਸ.ਸੀ.ਸੀ. 388]।

